KEY CONCEPTS • ADVOCACY • HUMAN
RIGHTS • CONTRACEPTION • SOCIAL
MEDIA • LAW • COMMUNICATION
MYTHS • COMMUNICATION • SOCIAL
MEDIA • मुख्य अवधारणायें – जेंडर एवं
यौनिकता मानवाधिकार • कानून • गलत धारणाएं
संवाद गर्भनिरोध • सेवाएं • व्यापकता • वकालत
वकालत • सोशल मीडिया • KEY CONCEPTS
ADVOCACY • HUMAN RIGHTS • MYTHS
CONTRACEPTION •

# ਕਲੰਕ ਦਾ ਖਾਤਮਾ

COMMUNICATION • LAW • INCIDENCE
COMMUNICATION • SOCIAL MEDIA
मुख्य अवधारणायें – जेंडर एवं यौनिकता • संवाद
मानवाधिकार • कानून • गलत धारणाएं • गर्भनिरोध
सेवाएं • व्यापकता • वकालत • सोशल मीडिया • KEY
CONCEPTS • ADVOCACY • MYTHS • LAW
CONTRACEPTION • COMMUNICATION
SOCIAL MEDIA • MYTHS • INCIDENCE
COMMUNICATION • CONTRACEPTION
LAW • KEY CONCEPTS • ADVOCACY

# #AbortTheStigma
## A toolkit

Abortion stigma is a powerful deterrent to accessing safe abortion services. As a result, a woman dies every two hours due to unsafe abortion. Despite decades of progressive law, policy reform and huge strides in developing and providing transformative methods to perform abortion (including medical abortion pills), much remains to be done.

This toolkit draws on materials created as part of CREA's #AbortTheStigma campaign, that seeks to normalize conversations around safe abortion. In addition, it draws on the curriculum developed for CREA and CommonHealth's annual Abortion, Gender and Rights Institute.

This toolkit is meant for broadest possible use by trainers, activists, teachers, front-line health workers, peer educators, community-based volunteers and civil society organizations working on issues of comprehensive sexuality education (CSE), women's rights, health, gender and sexuality.

# # ਕਲੰਕ ਦਾ ਖਾਤਮਾ
## ਇੱਕ ਟੂਲਕਿੱਟ

**ਗਰਭ ਸਮਾਪਨ** ਨਾਲ ਜੁੜ੍ਹੇ ਕਲੰਕ ਦੀਆਂ ਧਾਰਨਾਵਾਂ ਸੁਰੱਖਿਅਤ **ਗਰਭ ਸਮਾਪਨ** ਦੀਆਂ ਸੇਵਾਵਾਂ ਵਿੱਚ ਵੱਡੀ ਰੁਕਾਵਟ ਹਨ। ਇਸਦੇ ਨਤੀਜੇ ਵਜੋਂ ਅਸੁਰਖਿੱਅਤ **ਗਰਭ ਸਮਾਪਨ** ਕਾਰਨ ਹਰੇਕ ਦੋ ਘੰਟੇ ਵਿੱਚ ਇੱਕ ਮਹਿਲਾ ਦੀ ਮੌਤ ਹੋ ਜਾਂਦੀ ਹੈ। ਦਹਾਕਿਆਂ ਤੋਂ **ਗਰਭ ਸਮਾਪਨ** ਕਰਨ ਸਬੰਧੀ ਬਣੇ ਪ੍ਰਗਤੀਸ਼ੀਲ ਕਨੂੰਨ, ਸੁਧਾਰਤਮਿਕ ਨੀਤੀਆਂ ਅਤੇ ਕਈ ਵੱਡੀਆਂ ਚਾਲਾਂ (**ਗਰਭ ਸਮਾਪਨ** ਦੀਆਂ ਗੋਲੀਆਂ ਸਮੇਤ) ਦੇ ਬਾਬਜੂਦ ਅਜੇ ਵੀ ਬਹੁਤ ਕੁੱਝ ਕਰਨ ਦੀ ਜਰੂਰਤ ਹੈ।

ਇਹ ਟੂਲਕਿੱਟ ਕਲੰਕ ਦਾ ਖਾਤਮਾ ਮੁਹਿੰਮ ਅਧੀਨ ਤਿਆਰ ਕੀਤੀ ਗਈ ਹੈ ਜੋਕਿ ਸੁਰੱਖਿਅਤ **ਗਰਭ ਸਮਾਪਨ** ਸਬੰਧੀ ਗੱਲਬਾਤ ਨੂੰ ਆਮ ਸਧਾਰਨ ਭਾਸ਼ਾ ਵਿੱਚ ਕਰਨ ਦੀ ਕੋਸ਼ਿਸ਼ ਹੈ। ਇਸਤੋਂ ਇਲਾਵਾ ਇਹ ਟੂਲਕਿੱਟ (CREA), (CommonHealth) ਦੇ ਸਾਲਾਨਾ **ਗਰਭ ਸਮਾਪਨ** , (Gender and Rights institute) ਸੰਸਥਾ ਦੁਆਰਾ ਵਿਕਸਿਤ ਕੀਤੇ ਗਏ ਪਾਠਕ੍ਰਮ ਵੱਲ ਧਿਆਨ ਦਿਵਾਂਉਦਾ ਹੈ। ਇਹ ਟੂਲਕਿੱਟ ਵਿਆਪਕ ਯੌਨ ਸਿਖਿੱਆ, ਮਹਿਲਾਵਾਂ ਦੇ ਅਧਿਕਾਰਾਂ, ਸਿਹਤ, ਲਿੰਗ ਅਤੇ ਲਿੰਗਿਕਤਾ ਵਰਗੇ ਮੁੱਦਿਆਂ ਲਈ ਕੰਮ ਕਰਨ ਵਾਲੇ ਟ੍ਰੇਨਰਜ਼, ਐਕਟਿਵਿਸਟਾਂ, ਅਧਿਆਪਕਾਂ, ਫਰੰਟਲਾਇਨ ਕਾਮਿਆਂ, ਪੀਅਰ ਐਜੂਕੇਟਰਜ਼, ਕਮਿਉਨਿਟੀ ਅਧਾਰਿਤ ਵਲੰਟੀਅਰਾਂ ਅਤੇ ਸਮਾਜਿਕ ਸੰਗਠਨਾਂ ਦੀ ਵਿਆਪਕ ਸੰਭਾਵਿਤ ਵਰਤੋਂ ਲਈ ਤਿਆਰ ਕੀਤੀ ਗਈ ਹੈ।

LANGUAGE • SAFE ABORTION •
GUIDE WORDS • HUMAN RIGHTS •
VISUALS GUIDE • SAFE ABORTION
• WORDS LANGUAGE • AUDIENCE
• IMAGES CONSENT • LANGUAGE •
AGENCY CONTENT • GUIDE • SAFE
ABORTION LANGUAGE • HUMAN
RIGHTS VISUALS • GUIDE •
AUDIENCE HUMAN RIGHTS • SAFE
• AGENCY

# ਗਰਭ ਸਮਾਪਨ + ਸੰਚਾਰ

ABORTION •AGENCY • LANGUAGE
• IMAGES GUIDE • VISUALS • SAFE
ABORTION WORDS • GUIDE •
LANGUAGE AUDIENCE • CONSENT •
AGENCY IMAGES • GUIDE
• CONTENT • HUMAN RIGHTS •
LANGUAGE • CONSENT WORDS
• VISUALS • AGENCY • GUIDE
CONSENT • CONTENT • LANGUAGE

# ਗਰਭ ਸਮਾਪਨ + ਸੰਚਾਰ

# ਸ਼ਬਦ

**ਭਾਸ਼ਾ ਤੇ ਸ਼ਬਦ ਉਹ ਸਾਧਨ ਹਨ ਜਿਨ੍ਹਾਂ ਨਾਲ ਕਲੰਕ ਨੂੰ ਸਦੀਵੀ ਰੂਪ ਦਿੱਤਾ ਜਾਂਦਾ ਹੈ, ਅਤੇ ਇਹ ਚੋਣ ਅਤੇ ਅਧਿਕਾਰ ਨੂੰ ਪ੍ਰੀਭਾਸ਼ਿਤ ਕਰਦੇ ਹਨ। ਇਹ ਦਿਸ਼ਾ ਨਿਰਦੇਸ਼ ਉਹਨਾਂ ਸ਼ਬਦਾਂ ਨੂੰ ਲਿੰਗ ਅਤੇ ਅਧਿਕਾਰ ਦੇ ਪੱਖ ਤੋਂ ਦੇਖਦੇ ਹਨ ਜਿਹੜੇ ਸੁਰੱਖਿਅਤ ਗਰਭ ਸਮਾਪਨ ਬਾਰੇ ਗੱਲਬਾਤ ਕਰਦਿਆਂ ਵਰਤੇ ਜਾਂਦੇ ਹਨ।**

**ਗੱਲਬਾਤ ਕਰਦਿਆਂ ਵਰਤੇ ਜਾਂਦੇ ਹਨ।**

| ਨਾਂ ਵਰਤੋ | ਵਰਤੋ | ਕਿਉਂ |
|---|---|---|
| ਗਰਭ ਸਮਾਪਨ ਗੈਰ ਕਾਨੂੰਨੀ ਹੈ | ਹੇਠ ਲਿਖੀਆਂ ਸ਼ਰਤਾਂ ਅਨੁਸਾਰ | ਗਰਭ ਸਮਾਪਨ ਕੁੱਝ ਸ਼ਰਤਾਂ ਨਾਲ ਕਾਨੂੰਨੀ ਤੌਰ ਤੇ ਜਾਇਜ਼ ਹੈ |
| ਨਾਂ ਵਰਤੋ | ਵਰਤੋ | ਕਿਉਂ |
| ਬੱਚਾ ਗਿਰਾਨਾ ਜਾਂ ਭਰੂਣ ਹੱਤਿਆ | ਗਰਭ ਸਮਾਪਨ ਕਰਨਾ | ਮੈਡੀਕਲ ਤੌਰ ਤੇ ਭਰੂਣ ਨੂੰ ਬੱਚਾ ਕਹਿਣਾ ਗਲਤ ਹੈ।ਬੱਚਾ ਗਿਰਾਉਣ ਬਾਰੇ ਕਹਿਣਾ ਗੱਲਤ ਧਾਰਨਾ ਪੈਦਾ ਕਰ ਸਕਦਾ ਹੈ। |

| ਨਾਂ ਵਰਤੋ | ਵਰਤੋ | ਕਿਉਂ |
| --- | --- | --- |
| ਮਾਦਾ ਭਰੂਣ ਹੱਤਿਆ | ਭਰੂਣ ਦੇ ਲਿੰਗ ਅਨੁਸਾਰ ਗਰਭ ਸਮਾਪਨ | ਗਰਭ ਸਮਾਪਨ ਨੂੰ ਹੱਤਿਆ ਕਹਿਣਾ ਠੀਕ ਨਹੀਂ ਹੈ। |
| **ਨਾਂ ਵਰਤੋ** | **ਵਰਤੋ** | **ਕਿਉਂ** |
| ਅਣਜੰਮੇ ਬੱਚੇ ਨੂੰ ਮਾਰਨਾ | ਗਰਭ ਨੂੰ ਜਾਰੀ ਰੱਖਣ ਦਾ ਫੈਸਲਾ | ਗਰਭ ਨੂੰ ਬੱਚਾ ਕਹਿਣਾ ਡਾਕਟਰੀ ਤੌਰ ਤੇ ਠੀਕ ਨਹੀਂ ਹੈ ਜਾਰੀ ਰੱਖਣ ਬਾਰੇ ਕਹਿਣਾ ਸ਼ਾਇਦ ਹਾਲਾਤ ਨੂੰ ਸਹੀ ਤਰੀਕੇ ਨਾਲ ਨਹੀਂ ਦਰਸਾਉਂਦਾ ਹੈ । |
| **ਨਾਂ ਵਰਤੋ** | **ਵਰਤੋ** | **ਕਿਉਂ** |
| ਬੱਚਾ, ਮਰਿਆ ਹੋਇਆ ਬੱਚਾ , ਅਣਜੰਮਿਆ ਬੱਚਾ | 10 ਹਫ਼ਤੇ ਤਕ ਭਰੂਣ ਅਤੇ 10 ਹਫ਼ਤੇ ਤੋਂ ਬਾਅਦ ਭਰੂਣ | ਭਰੂਣ ਅਜੇ ਬੱਚਾ ਨਹੀਂ ਹੈ, ਅਣਜੰਮਿਆ ਬੱਚਾ ਹੈ ਆਦਿ ਗਰਭ ਸਮਾਪਨ ਦੇ ਖਿਲਾਫ ਕੰਮ ਕਰ ਰਹੇ ਲੋਕਾਂ ਵੱਲੋਂ ਪ੍ਰਚੱਲਿਤ ਕੀਤਾ ਗਿਆ ਹੈ ਜੋ ਸਹੀ ਨਹੀਂ ਹੈ । ਮਨੁੱਖੀ ਅਧਿਕਾਰ ਬੱਚੇ ਦੇ ਜਨਮ ਤੋਂ ਬਾਅਦ ਹੀ ਸ਼ੁਰੂ ਹੁੰਦੇ ਹਨ। |

"

**ਸਥਾਨਕ ਭਾਸ਼ਾ ਵਿੱਚ ਦਿਸ਼ਾ ਨਿਰਦੇਸ਼** ਤਿਆਰ ਕਰੋ **ਤੇ ਉਨਾਂ ਸੰਸਥਾਵਾਂ ਦੀ ਮਦਦ** ਲਓ **ਜਿੰਨ੍ਹਾਂ ਕੋਲ ਇਸ ਵਿਸ਼ੇ ਤੇ** ਸਹੀ ਗੱਲਬਾਤ **ਕਰਨ ਦਾ ਤਜਰਬਾ ਹੋਵੇ।**

"

| | | |
|---|---|---|
| **ਨਾਂ ਵਰਤੋ**<br>**ਅਣਜੰਮੇ ਬੱਚੇ ਨੂੰ ਮਾਰਨਾ** | **ਵਰਤੋ**<br>**ਗਰਭ ਸਮਾਪਨ ਦੀ ਚੋਣ ਗਰਭ ਨੂੰ ਖ਼ਤਮ ਕਰਨ ਦਾ ਫ਼ੈਸਲਾ** | **ਕਿਉਂ**<br>**ਇਸ ਦਾ ਅਪਰਾਧੀਕਰਨ ਕਰਨ ਦੀ** ਥਾਂ **ਔਰਤਾਂ ਦੇ** ਗਰਭ ਸਬੰਧੀ ਮਰਜੀ ਦੇ **ਅਧਿਕਾਰ ਨੂੰ** ਪਹਿਲ ਦੇਵੋ। |
| **ਨਾਂ ਵਰਤੋ**<br>ਗਰਭ ਸਮਾਪਨ ਰੋਕੋ<br>**ਗਿਣਤੀ ਘਟਾਓ** | **ਵਰਤੋ**<br>**ਅਣਚਾਹੇ ਗਰਭ ਨੂੰ ਰੋਕੋ ਤੇ ਉਨ੍ਹਾਂ ਦੀ ਗਿਣਤੀ ਘਟਾਓ** | **ਕਿਉਂ**<br>**ਆਮ ਕਰਕੇ** ਬਹੁਤੀਆਂ ਮਹਿਲਾਵਾਂ **ਅਣ ਚਾਹੇ ਗਰਭ ਕਾਰਨ ਹੀ ਗਰਭ ਸਮਾਪਨ ਕਰਵਾਉਂਦੀਆਂ ਹਨ ਇਸ ਲਈ ਅਣਚਾਹੇ ਗਰਭ ਦੀ ਰੋਕਥਾਮ ਕਰਨੀ ਚਾਹੀਦੀ ਹੈ।** |

**ਹੇਠ ਲਿਖੇ ਸ਼ਬਦਾਂ ਨੂੰ ਬਦਲ-ਬਦਲ ਕੇ ਨਾ ਵਰਤੋ**

ਗੈਰ ਕਨੂੰਨੀ **ਗਰਭ ਸਮਾਪਨ**

≠

**ਅਣ ਸੁਰੱਖਿਅਤ ਗਰਭ ਸਮਾਪਨ**

ਗੈਰ ਕਨੂੰਨੀ **ਗਰਭ ਸਮਾਪਨ ਸੁਰੱਖਿਅਤ ਹੋ ਸਕਦਾ ਹੈ ਪਰ ਇਹ ਕਾਨੂੰਨ ਦੇ ਵਿਰੁੱਧ ਹੈ।**

**ਅਸੁਰੱਖਿਅਤ ਗਰਭ ਸਮਾਪਨ ਅਣਜਾਣ** ਸੇਵਾ **ਪ੍ਰਦਾਤਾ ਵੱਲੋ ਕੀਤੇ ਜਾਂਦੇ ਹਨ ਜਦੋਂ ਔਰਤ ਕਿਸੇ** ਜਾਣਕਾਰ ਸੇਵਾ ਪ੍ਰਦਾਤਾ **ਕੋਲ ਨਹੀਂ ਜਾ ਸਕਦੀ।**

ਅਣਚਾਹੇ ਗਰਭ ਦਾ ਮਤਲਬ ਹੈ
ਔਰਤ ਜਿਸ ਗਰਭ ਨੂੰ ਨਹੀਂ ਚਾਹੁੰਦੀ

## ਅਣਚਾਹਿਆ ਗਰਭ

## ≠

## ਅਣਚਾਹਿਆ ਗਰਭ

ਅਣ ਸੋਚਿਆ ਗਰਭ ਉਦੋਂ ਹੁੰਦਾ ਹੈ
ਜਦੋਂ ਕੋਈ ਵਿਅਕਤੀ ਗਰਭ ਧਾਰਨ
ਬਾਰੇ ਨਹੀਂ ਸੋਚ ਰਿਹਾ ਹੁੰਦਾ

ਅਣਚਾਹੇ ਗਰਭ ਦਾ ਮਤਲਬ ਹੈ ਔਰਤ ਜਿਸ ਗਰਭ ਨੂੰ ਨਹੀਂ ਚਾਹੁੰਦੀ

# ਚਿੱਤਰ ਰੇਖਾ

**ਚਿੱਤਰ ਜਾਂ ਤਸਵੀਰਾਂ ਕਿਸੇ ਵੀ ਸੋਚ ਨੂੰ ਦਰਸਾਉਣ ਦਾ ਮਹੱਤਵਪੂਰਨ ਅੰਗ ਹੁੰਦੀਆਂ ਹਨ ਇਸ ਲਈ ਉਨ੍ਹਾਂ ਨੂੰ ਸੁਰੱਖਿਅਤ ਗਰਭ ਸਮਾਪਨ ਨਾਲ ਜੁੜੀਆਂ ਹੋਈਆਂ ਭਾਵਨਾਵਾਂ ਮੁਤਾਬਕ ਘੜਨ ਦੀ ਲੋੜ ਹੈ।**

**ਹੇਠ ਲਿਖੇ ਨਿਰਦੇਸ਼** ਤੁਹਾਡੀ ਗੱਲਬਾਤ ਦੇ **ਮਾਧਿਅਮ** ਵਿੱਚ **ਅਜਿਹੇ ਚਿੱਤਰ ਬਣਾਉਣ ਵੇਲੇ** ਮਦੱਦਗਾਰ **ਹੋਣਗੇ**




## ਵਰਤੋ

**ਗਰਭ ਦਾ ਨਤੀਜਾ ਦੱਸਣ ਵਾਲਾ ਸਾਧਨ**



## ਨਾ ਵਰਤੋਂ

**ਗਰਭਵਤੀ ਔਰਤ ਦਾ ਰੇਖਾ ਚਿੱਤਰ**

## ਕਿਉਂ

ਜਿਆਦਾਤਰ **ਗਰਭਸਮਾਪਨ ਪਹਿਲੀ ਤਿਮਾਹੀ ਵਿੱਚ** ਹੀ **ਹੋ ਜਾਂਦੇ ਹਨ ਜਦੋਂ ਅਜੇ** ਤੱਕ **ਪੇਟ ਬਾਹਰ ਦਿਖਾਈ ਨਹੀਂ ਦਿੰਦਾ** ਹੈ**। ਪੇਟ ਬਾਹਰ** ਦਿਖਣ ਤੇ **ਗਰਭ ਸਮਾਪਨ ਬਾਰੇ** ਕਈ **ਗ਼ਲਤ ਧਾਰਨਾਵਾਂ ਪੈਦਾ ਹੁੰਦੀਆਂ ਹਨ ਜਿਵੇਂ ਕਿ ਗਰਭ ਦਾ ਸਮਾਂ।**


1 Adapted from the International Planned Parenthood Federation (IPPF) guide on rights-based messaging




## ਵਰਤੋ

ਗਰਭ ਸਮਾਪਨ ਤੇ ਸੰਚਾਰ ਲਈ ਬਣਾਈ ਗਈ ਸਮੱਗਰੀ ਦਾ ਧਿਆਨ

ਗਰਭ ਨਾਲੋਂ ਵੱਧ ਉਸ ਵੱਲ ਹੋਣਾ ਚਾਹੀਦਾ ਹੈ ਜੋ ਗਰਭਪਾਤ ਕਰਵਾਉਣ ਜਾ ਰਹੀ ਹੈ




## ਨਾ ਵਰਤੋ

ਬੱਚਿਆਂ ਦੇ ਰੇਖਾ ਚਿੱਤਰ।

## ਕਿਉਂ


ਇਸ ਨਾਲ ਗਰਭ ਸਮਾਪਨ ਬਾਰੇ ਗ਼ਲਤ ਸੁਨੇਹਾ ਜਾਂਦਾ ਹੈਅਤੇ ਇਸ ਦਾ ਵਿਰੋਧ ਕਰਨ ਵਾਲੀਆਂ ਤਾਕਤਾਂ ਦੇ ਹੱਕ ਵਿੱਚ ਹਥਿਆਰ ਦਾ ਕੰਮ ਕਰਦਾ ਹੈ।




## ਵਰਤੋ

ਉਨ੍ਹਾਂ ਦੀ ਮਰਜੀ ਨਾਲ ਚਿੱਤਰ ਵੀ ਬਣਾਏ ਜਾ ਸਕਦੇ ਹਨ।

ਅਲਗ ਅਲਗ ਉਮਰ, ਕਿੱਤੇ, ਆਰਥਿਕ ਪੱਧਰ ,ਸਮਾਜਿਕ ਪੱਧਰ ਦੀਆਂ ਔਰਤਾਂ ਨੂੰ ਦਰਸਾਉ ਜੋਕਿ ਗਰਭ ਸਮਾਪਨ ਦੀ ਚੋਣ ਕਰਦੀਆਂ ਹਨ ਆਪਣੇ ਦਰਸ਼ਕਾਂ ਦੇ ਮੁਤਾਬਕ ਹੀ ਸੰਚਾਰ ਸਮੱਗਰੀ ਬਣਾਓ



## ਨਾ ਵਰਤੋ

ਧੁੰਦਲੀ ਤਸਵੀਰ ਵਾਲੀਆਂ ਔਰਤਾਂ

## ਕਿਉਂ

ਇਸ ਨਾਲ ਇਹ ਲਗਦਾ ਹੈ ਕਿ ਇਹ ਔਰਤਾਂ ਆਪਣੇ ਚਿਹਰੇ ਨੂੰ ਇਸ ਲਈ ਨਹੀਂ ਦਿਖਾਉਣਾ ਚਾਹੁੰਦੀਆਂ ਕਿਉਂਕਿ ਉਹ ਗਰਭ ਸਮਾਪਨ ਬਾਰੇ ਸ਼ਰਮਿੰਦਾ ਹਨ



## ਵਰਤੋ

**ਅਜਿਹੀਆਂ ਤਸਵੀਰਾਂ ਦਿਖਾਓ ਜਿਨ੍ਹਾਂ ਵਿੱਚ ਚਿਹਰੇ ਦੇ ਹਾਵ ਭਾਵ ਅਜਿਹੇ ਹੋਣ ਜੋ ਕਿਸੇ ਵੀ ਡਾਕਟਰੀ ਕਾਰਜ ਵੇਲੇ ਹੋਣਗੇ**



## ਨਾ ਵਰਤੋਂ

**ਰੋਂਦੀਆਂ ਜਾਂ ਸ਼ਰਮਿੰਦਾ ਔਰਤਾਂ ਦੇ ਚਿੱਤਰ**

## ਕਿਉਂ

ਗਰਭ ਸਮਾਪਨ **ਵੇਲੇ ਔਰਤਾਂ ਬਹੁਤ ਤਰ੍ਹਾਂ ਦੇ ਜ਼ਜਬਾਤ ਮਹਿਸੂਸ ਕਰਦੀਆਂ ਹਨ ਜਿਆਦਾ ਖੁਸ਼ ਜਾਂ ਜ਼ਿਆਦਾ ਰੋਂਦੇ ਚਿਹਰੇ ਦਿਖਾਉਣਾ ਚੰਗਾ ਨਹੀਂ ਲਗੇਗਾ ।**

## ਵਰਤੋ

ਜਿੱਥੋਂ **ਤੱਕ ਹੋ ਸਕੇ ਭਰੂਣ ਦੀ ਤਸਵੀਰ ਨਾ** ਦਿਖਾਓ **ਜੇ ਤੁਸੀਂ ਔਰਤਾਂ ਨੂੰ** ਗਰਭ ਸਮਾਪਨ **ਦੇ ਤਰੀਕੇ ਬਾਰੇ ਸਮਝਾਉਣਾ ਚਾਹੁੰਦੇ ਹੋ ਤਾਂ ਗਰਭ ਦੀ ਉਮਰ ਦੇ** ਹਿਸਾਬ **ਨਾਲ** ਚਿੱਤਰ ਵਿਖਾ **ਸਕਦੇ ਹੋ**



## ਨਾ ਵਰਤੋਂ

**ਤਿੰਨ ਮਹੀਨੇ ਤੋਂ ਵੱਧ ਦੇ ਭਰੂਣ ਦੀ ਤਸਵੀਰ**


## ਕਿਉਂ

ਜ਼ਿਆਦਾਤਰ ਗਰਭ ਸਮਾਪਨ **ਪਹਿਲੀ ਤਿਮਾਹੀ ਵਿਚ ਹੋ ਜਾਂਦੇ ਹਨ** ਇਸ ਲਈ **ਵੱਡੇ ਭਰੂਣ ਦਿਖਾਣ ਨਾਲ ਗਲਤ ਧਾਰਨਾਵਾਂ ਪੈਦਾ ਹੋਣ** ਦੀ ਸ਼ੰਕਾ **ਹੈ**




## ਵਰਤੋ

**ਗੂੜ੍ਹੇ ਰੰਗ** ਵਾਲੇ ਅਤੇ ਜਿਆਦਾ ਸਾਫ **ਚਿੱਤਰ ਕਿਸੇ ਵੀ ਵਿਅਕਤੀ ਦੀ ਦਿੱਖ ਨੂੰ ਖਿਚਵਾਂ ਬਣਾਉਂਦੇ ਹਨ**



## ਨਾ ਵਰਤੋਂ

**ਬਹੁਤ ਹੀ ਖਤਰਨਾਕ ਤਸਵੀਰਾਂ**

## ਕਿਉਂ

**ਅਜਿਹੀਆਂ ਤਸਵੀਰਾਂ ਧਿਆਨ ਭਟਕਾਉਂਦੀਆਂ ਹਨ। ਦੇਖਣ ਵਾਲੇ ਨੂੰ ਚਿੰਤਾਗ੍ਰਸਤ ਕਰ ਦਿੰਦੀਆਂ ਹਨ। ਇਸ ਨਾਲ** ਗਰਭ ਸਮਾਪਨ ਬਾਰੇ ਡਰ **ਪੈਦਾ ਹੁੰਦਾ ਹੈ ਅਤੇ ਨਾਂਹ-ਪੱਖੀ ਤਸਵੀਰ ਉਭਰਦੀ ਹੈ।**

# ਆਪਣੇ ਸ਼ਬਦਾਂ ਤੇ ਤਸਵੀਰਾਂ ਦੀ ਪੜਤਾਲ ਕਰਨ ਲਈ ਇਹਨਾਂ ਪ੍ਰਸ਼ਨਾਂ ਦੀ ਵਰਤੋਂ ਕਰੋ

### ਕੀ ਇਹ ਤਸਵੀਰਾਂ ਨਿਰਪੱਖ ਹਨ, ਭਰੋਸਾ ਪੈਦਾ ਕਰਦੀਆਂ ਹਨ ?

ਉਪਰਲੇ ਨਿਰਦੇਸ਼ਾਂ ਅਨੁਸਾਰ ਦੇਖੋ

### ਇਹ ਤਸਵੀਰਾਂ ਕਿਉਂ ਵਰਤੀਆਂ ਗਈਆਂ ਹਨ?

ਇਹ ਸਵਾਲ ਇਸ ਲਈ ਜ਼ਰੂਰੀ ਹੈ ਕਿਉਂਕਿ ਇਸ ਨਾਲ ਤੁਹਾਨੂੰ ਇਹ ਪਤਾ ਲੱਗੇਗਾ ਕਿ ਤਸਵੀਰਾਂ ਨੂੰ ਸਹੀ ਤਰੀਕੇ ਨਾਲ ਵਰਤਿਆ ਗਿਆ ਹੈ ਜਾਂ ਨਹੀਂ। ਸਮੱਗਰੀ ਦੀ ਦਿੱਖ ਸੁਧਾਰਨ ਲਈ, ਸਮਝ ਵਧਾਉਣ ਲਈ, ਦਰਸ਼ਕਾਂ ਨਾਲ ਜੁੜਨ ਲਈ ਆਦਿ ।

### ਕੀ ਕੋਈ ਕਾਰਵਾਈ ਲੋੜੀਂਦੀ ਹੈ?

ਇਹ ਨਿਰਧਾਰਤ ਕਰੋ ਕਿ ਤੁਸੀਂ ਆਪਣੇ ਦਰਸ਼ਕਾਂ ਨੂੰ ਕਿਸ ਕੰਮ ਲਈ ਕਹਿ ਰਹੇ ਹੋ ਜਾਂ ਉਨ੍ਹਾਂ ਦਾ ਧਿਆਨ ਕਿਸੇ ਖਾਸ ਸੇਵਾ ਜਾਂ ਜਾਣਕਾਰੀ ਦੇ ਸਰੋਤ ਵੱਲ ਖਿੱਚ ਰਹੇ ਹੋ ।

### ਕੀ ਤੁਹਾਡੇ ਕੋਲ ਤਸਵੀਰਾਂ ਲਈ ਸਹਿਮਤੀ ਹੈ?

ਇਹ ਧਿਆਨ ਰੱਖੋ ਕਿ ਤੁਸੀਂ ਸਾਰੀਆਂ ਤਸਵੀਰਾਂ ਨੂੰ ਵਰਤਣ ਲਈ ਯੋਗ ਵਿਅਕਤੀ, ਸੰਸਥਾ ਤੋਂ ਸਹਿਮਤੀ ਲੈ ਲਈ ਹੈ

### ਕੀ ਭਾਸ਼ਾ ਕਲੰਕ ਰਹਿਤ ਹੈ?

ਇਹੋ ਜਿਹੇ ਸ਼ਬਦਾਂ ਤੋਂ ਬਚੋ । ਇਹ ਵੀ ਧਿਆਨ ਰੱਖੋ ਕਿ ਇਹਨਾਂ ਸ਼ਬਦਾਂ ਦੇ ਸਥਾਨਕ ਭਾਸ਼ਾ ਜਾਂ ਬੋਲੀ ਵਿੱਚ ਕੀ ਅਰਥ ਹਨ ।

### ਕੀ ਇਹ ਭਾਸ਼ਾ ਔਰਤ ਦੀ ਚੋਣ ਨੂੰ ਸਕਾਰਾਤਮਕ ਤਰੀਕੇ ਨਾਲ ਦਿਖਾਉਂਦੀ ਹੈ?

ਅਜਿਹੀ ਸ਼ਬਦਾਵਲੀ ਵਰਤੋ ਜਿਹੜੀ ਖੁਦਮੁਖਤਿਆਰੀ ਅਤੇ ਚੋਣ ਦੇ ਅਧਿਕਾਰ ਨੂੰ ਉਭਾਰੇ ।

### ਕੀ ਅਲੱਗ-ਅਲੱਗ ਸੁਨੇਹੇ ਤੇ ਤਸਵੀਰਾਂ ਇਕ ਦੂਸਰੇ ਦਾ ਖੰਡਨ ਕਰਦੀਆਂ ਹਨ?

ਇਹ ਧਿਆਨ ਰੱਖੋ ਕਿ ਤੁਹਾਡੀ ਹਰ ਇੱਕ ਸਮੱਗਰੀ ਤੇ ਨਾਲ ਉਸ ਦਾ ਚਿੱਤਰ ਵੀ ਇਕ ਸੁਨੇਹਾ ਦੇਵੇ ।

### ਕੀ ਭਾਸ਼ਾ ਸਮਝਣ ਯੋਗ ਹੈ?

ਇਸਨੂੰ ਸਾਦਾ ਰੱਖੋ ਤੇ ਬਹੁਤੇ ਹੇਰ-ਫੇਰ ਵਿੱਚ ਨਾ ਪਵੋ ।

### ਕੀ ਭਾਸ਼ਾ ਸਹੀ ਹੈ?

ਉੱਪਰ ਦੱਸੇ ਅਨੁਸਾਰ ਚੱਲੋ ਤੇ ਗਲਤ ਭਾਸ਼ਾ ਦੀ ਵਰਤੋਂ ਤੋਂ ਬਚੋ।

MALE STERILIZATION • FEMALE
STERILIZATION • SIDE EFFECTS
IMPLANTS • INJECTABLES
EFFECTIVE • ORAL CONTRACEPTIVE
CONDOMS • MALE STERILIZATION
FEMALE STERILIZATION • IMPLANTS
SIDE EFFECTS • INJECTABLES
EFFECTIVE • ORAL CONTRACEPTIVE
CONDOMS • EFFECTIVE • MALE
• EFFECTIVE • MALE

# ਗਰਭ ਸਮਾਪਨ + ਗਰਭ ਨਿਰੋਧਕ

• IMPLANTSSIDE
INJECTABLES • ORAL CONDOMS
• MALE STERILIZATION
FEMALE STERILIZATION • ORAL
CONTRACEPTIVE • SIDE EFFECTS
IMPLANTS • INJECTABLES • MALE
STERILIZATION • CONDOMS
EFFECTIVE • FEMALE STERILIZATION
STERILIZATION • CONTRACEPTIVE
CONTRACEPTIVE • SIDE EFFECTS

# ਗਰਭ ਸਮਾਪਨ + ਗਰਭ ਨਿਰੋਧਕ

# ਜ਼ਿਆਦਾ ਅਸਰਦਾਰ


ਇੱਕ ਸਾਲ ਵਿੱਚ ਪ੍ਰਤੀ 100 ਮਹਿਲਾਵਾਂ ਪਿੱਛੇ ਇੱਕ ਤੋਂ ਵੀ ਘੱਟ ਗਰਭ।



## ਐਮਰਜੈਂਸੀ ਗਰਭ ਨਿਰੋਧਕ

ਉਪਲੱਭਤਾ ਸਾਰੇ ਸਰਕਾਰੀ ਸਿਹਤ ਕੇਂਦਰ, ਸੱਬ ਸੈਂਟਰ, ਆਸ਼ਾ ਵਰਕਰ।


ਅਣਸੁਰੱਖਿਅੱਤ ਯੋਨ ਸਬੰਧ ਦੇ ਤਿੰਨ ਦਿਨਾਂ ਵਿੱਚ ਵਰਤਣਾ ਵੱਧ ਅਸਰਦਾਰ ਹੈ।



## ਪੁਰਸ਼ ਨਸਬੰਦੀ

ਉਪਲੱਭਤਾ ਮੁਢਲੇ ਸਿਹਤ ਕੇਂਦਰ ਅਤੇ ਉੱਚ ਪੱਧਰੀ ਸਰਕਾਰੀ ਸਿਹਤ ਕੇਂਦਰ, ਨਿੱਜੀ ਹਸਪਤਾਲ।

(ਪੁਰਸ਼ਾਂ ਦੁਆਰਾ ਗਰਭ ਰੋਕਣ ਦਾ ਸਭ ਤੋਂ ਵੱਧ ਪਸੰਦੀਦਾ ਸਾਧਨ ਹੈ)



## ਮਹਿਲਾ ਨਸਬੰਦੀ

ਉਪਲੱਭਤਾ ਉੱਚ ਪੱਧਰੀ ਸਰਕਾਰੀ ਸਿਹਤ ਕੇਂਦਰ।


(ਸਭ ਤੋਂ ਵੱਧ ਪਸੰਦ ਕੀਤਾ ਜਾਂਦਾ ਹੈ)



## ਇੰਮਪਲਾਂਟਸ

ਉਪਲੱਭਤਾ ਚੋਂਣਵੇਂ ਕੁੱਝ ਨਿੱਜੀ ਹਸਪਤਾਲ।

(ਘੱਟ ਲਾਗਤ ਵਾਲਾ, ਪ੍ਰਬੰਧਨ ਵਿੱਚ ਅਸਾਨ ਹੈ)



## ਆਈਯੂਡੀ

**ਸੌਖਾ ਤੇ ਸਸਤਾ ਸਾਧਨ**


**ਉਪਲਭਤਾ ਸਬ ਸੈਂਟਰ ,ਸਰਕਾਰੀ ਸਿਹਤ ਸੰਸਥਾਵਾਂ, ਨਿਜੀ ਹਸਪਤਾਲ**

## ਉਪਲਬਧ

**ਉਪ-ਕੇਂਦਰ ਅਤੇ ਉੱਚ ਪੱਧਰੀ ਜਨਤਕ ਸਿਹਤ ਸਹੂਲਤਾਂ ਪ੍ਰਾਈਵੇਟ ਹਸਪਤਾਲ**

## ਦਰਮਿਆਨੇ ਪੱਧਰ ਦੇ ਅਸਰਦਾਰ

ਇੱਕ ਸਾਲ ਵਿੱਚ 100 ਮਹਿਲਾਵਾਂ ਵਿੱਚੋਂ 6-12 ਗਰਭਵਤੀ



### ਗਰਭ ਨਿਰੋਧਕ ਗੋਲੀਆਂ

ਉਪਲੱਬਤਾ ਸਬ ਸੈਂਟਰ, ਉੱਚ ਪੱਧਰੀ ਸਿਹਤ ਸੁਵਿਧਾਵਾਂ ਕੇਂਦਰ, ਆਸ਼ਾ, ਨਿੱਜੀ ਹਸਪਤਾਲ, ਦਵਾਈਆਂ ਦੀਆਂ ਦੁਕਾਨਾਂ।

(ਇਸ ਸਕੀਮ ਅਧੀਨ ਗਰਭ ਨਿਰੋਧਕ ਗੋਲੀਆਂ ਘੱਟ ਕੀਮਤ ਤੇ ਆ਼ਸਾ ਦੁਆਰਾ ਘਰਾਂ ਵਿੱਚ ਉਪਲੱਬਦ ਕਰਵਾਈਆਂ ਜਾਂਦੀਆਂ ਹਨ। ਮਾਲਾ ਐਨ ਬ੍ਰਾਂਡ ਹਰੇਕ ਸਿਹਤ ਸੁਵਿਧਾ ਕੇਂਦਰ ਤੇ ਮੁੱਫਤ ਉਪਲੱਬਦ ਹਨ।)



### ਟੀਕਾ

ਉਪਲੱਬਤਾ ਕੁੱਝ ਚੋਂਣਵੇਂ ਜ਼ਿਲ੍ਹਿਆਂ ਦੇ ਮੁਢਲੇ ਸਿਹਤ ਕੇਂਦਰਾਂ, ਮੈਡੀਕਲ ਕਾਲਜਾਂ ਅਤੇ ਜ਼ਿਲ੍ਹਾ ਹਸਪਤਾਲਾਂ ਵਿੱਚ।

## ਘੱਟ ਅਸਰਦਾਰ

› ਇੱਕ ਸਾਲ ਵਿੱਚ 100 ਮਹਿਲਾਵਾਂ ਵਿੱਚੋਂ 18 ਗਰਭਵਤੀ




ਕੰਡੋਮ

### ਉਪਲੱਬਤਾ

ਸਬ ਸੈਂਟਰ, ਉੱਚ ਪੱਧਰੀ ਸਿਹਤ ਸੁਵਿਧਾਵਾਂ ਕੇਂਦਰ, ਸਿਖਿੱਅਤ ਆਸ਼ਾ।


ਦਵਾਈਆਂ ਦੀਆਂ ਦੁਕਾਨਾਂ (ਨਿਰੋਧ ਬ੍ਰਾਂਡ ਮੁੱਫਤ ਵਿੱਚ ਹਰ ਸਰਕਾਰੀ ਸਿਹਤ ਸੁਵਿਧਾ ਕੇਂਦਰ ਤੇ ਉਪਲੱਬਦ ਹੈ ਅਤੇ ਆਸ਼ਾ ਦੁਆਰਾ ਘਰਾਂ ਵਿੱਚ ਸਪਲਾਈ ਕੀਤੀ ਜਾਂਦੀ ਹੈ।)

## ਪ੍ਰਜਨਣ ਯੋਗ ਵਿਆਹੁਤਾ ਮਹਿਲਾਵਾਂ (15-49 ਸਾਲ ) ਦੁਆਰਾ ਵੱਖ ਵੱਖ ਗਰਭ ਨਿਰੋਧਕ ਸਾਧਨਾਂ ਦੀ ਵਰਤੋਂ।



36%
ਮਹਿਲਾਵਾਂ ਦੀ ਨਸਬੰਦੀ

5.6%
ਕੰਡੋਮ



4.1%
ਗਰਭ ਨਿਰੋਧਕ ਗੋਲੀਆਂ

1.5%
ਕਾਪਰ ਟੀ

0.3%
ਮਰਦਾਂ ਦੀ ਨਸਬੰਦੀ

# ਸੰਭਾਵਿਤ ਸਾਇਡ ਇਫੈਕਟਸ

**ਐਮਰਜੈਂਸੀ ਗਰਭ-ਨਿਰੋਧਕ**
ਮਹਾਂਵਾਰੀ ਵਿੱਚ ਗੜਬੜੀ ਅਤੇ ਚਿਹਰੇ ਤੇ ਮੁਹਾਂਸੇ

**ਗਰਭ ਨਿਰੋਧਕ ਗੋਲੀ**
ਸਿਰ ਦਰਦ, ਜੀ ਕੱਚਾ ਹੋਣਾ
ਮਾਹਵਾਰੀ ਰੁਕ ਜਾਣਾ ਜਾਂ ਅਨਿਯਮਿਤ ਹੋਣਾ

**ਨਿਰੋਧ**
ਅਲਰਜੀ

**ਟੀਕਾ**
ਹੱਡੀਆਂ ਦੀ ਘਣਤਾ ਘਟਨਾ
ਮਾਹਵਾਰੀ ਰੁਕ ਜਾਣਾ ਜਾਂ ਅਨਿਯਮਿਤ ਹੋਣਾ।

**ਕਾਪਰ ਟੀ**
ਬੱਚੇਦਾਨੀ ਵਿਚ ਇਨਫੈਕਸ਼ਨ ਦੀ ਸੰਭਾਵਨਾ

**ਇੰਪਲਾਟ**
ਅਨਿਯਮਿਤ ਮਾਹਵਾਰੀ ਹੱਡੀਆਂ ਦੀ ਘਣਤਾ ਘਟਣਾ

**ਮਰਦ ਨਸਬੰਦੀ**
ਅਪਰੇਸ਼ਨ ਦੀਆਂ ਆਮ ਪੇਚੀਦਗੀਆਂ

**ਔਰਤ ਨਸਬੰਦੀ**
ਆਪਰੇਸ਼ਨ ਦੀਆਂ ਪੇਚੀਦਗੀਆਂ

UNIVERSAL DECLARATION OF
HUMAN RIGHTS • SAFE ABORTION
PREGNANCY • RIGHT TO CHOOSE
RIGHT TO HEALTHCARE AND
PROTECTION • SECURITY • LIBERTY
PRIVACY • BASIC RIGHTS • UNIVERSAL
DECLARATION OF HUMAN RIGHTS
SAFE ABORTION • RIGHT TO CHOOSE
PRIVACY • PREGNANCY • LIBERTY
BASIC RIGHTS •
PREGNANCY •

# ਗਰਭਪਾਤ +
# ਮਨੁਖੀ ਅਧਿਕਾਰ

SECURITY • RIGHT TO HEALTHCARE
AND PROTECTION • SECURITY
LIBERTY • PRIVACY • RIGHT TO
HEALTHCARE AND PROTECTION
UNIVERSAL DECLARATION OF
HUMAN RIGHTS • SAFE ABORTION
RIGHT TO CHOOSE LIBERTY
PRIVACY • BASIC RIGHTS • SECURITY

# ਗਰਭ ਸਮਾਪਨ + ਮਾਨਵ ਅਧਿਕਾਰ

ਸੰਯੁਕਤ ਰਾਸ਼ਟਰ ਦੁਆਰਾ 1948 ਵਿੱਚ ਅਪਣਾਇਆ ਮਨੁੱਖੀ ਅਧਿਕਾਰਾਂ ਦਾ ਸਰਬ ਵਿਆਪੀ ਘੋਸ਼ਣਾ ਪੱਤਰ ਸਮੂਹ ਵਿਅਕਤੀਆਂ ਦੀ ਇੱਜ਼ਤ ਅਤੇ ਅਜ਼ਾਦੀ, ਨਿਆਂ ਅਤੇ ਸ਼ਾਂਤੀ ਦੇ ਉਨ੍ਹਾਂ ਦੇ ਬਰਾਬਰ ਅਤੇ ਅਟੱਲ ਅਧਿਕਾਰਾਂ ਨੂੰ ਪਛਾਣਦਾ ਅਤੇ ਕਾਇਮ ਰੱਖਦਾ ਹੈ।

ਸੁਰੱਖਿਅਤ ਗਰਭਪਾਤ ਤੱਕ ਪਹੁੰਚ, ਇੱਕ ਜਿਨਸੀ ਅਤੇ ਪ੍ਰਜਣਨ ਅੰਤਰਰਾਸ਼ਟਰੀ ਮਨੁੱਖੀ ਅਧਿਕਾਰਾਂ ਦੇ ਸਾਧਨਾਂ ਤੋਂ ਪ੍ਰਾਪਤ 12 ਮੁੱਢਲੇ ਮਨੁੱਖੀ ਅਧਿਕਾਰਾਂ ਦੇ ਦਾਇਰੇ ਵਿੱਚ ਆਉਂਦੇ ਹਨ ਜਿਸ ਨੂੰ ਦੁਨੀਆ ਭਰ ਦੇ ਕਈ ਦੇਸ਼ਾਂ ਨੇ ਪ੍ਰਵਾਨਗੀ ਦਿੱਤੀ ਹੈ ।

ਇਨ੍ਹਾਂ ਵਿੱਚ ਮਨੁੱਖੀ ਅਧਿਕਾਰਾਂ ਦਾ ਸਰਬੋਤਮ ਘੋਸ਼ਣਾ (ਯੂਡੀਐਚਆਰ), ਆਰਥਿਕ, ਸਮਾਜਿਕ ਅਤੇ ਸਭਿਆਚਾਰਕ ਅਧਿਕਾਰਾਂ ਦਾ ਅੰਤਰਰਾਸ਼ਟਰੀ ਸਮਝੌਤਾ (ਆਈਸੀਈਐਸਸੀਆਰ), ਸਿਵਲ ਅਤੇ ਰਾਜਨੀਤਿਕ ਅਧਿਕਾਰਾਂ ਬਾਰੇ ਅੰਤਰਰਾਸ਼ਟਰੀ ਸਮਝੌਤਾ(ਆਈਸੀਸੀਆਰਪੀਆਰ), ਅਤੇ ਮਹਿਲਾਵਾਂ ਵਿਰੁੱਧ ਹਰ ਪ੍ਰਕਾਰ ਦੇ ਪੱਖਪਾਤ ਦੇ ਖਾਤਮੇ ਸਬੰਧੀ ਸੰਮੇਲਨ (CEDAW)

# 1. ਸਿਹਤ ਸੰਭਾਲ ਅਤੇ ਸੁਰੱਖਿਆ ਦਾ ਅਧਿਕਾਰ

## ਜਿੰਦਗੀ ਦਾ ਅਧਿਕਾਰ
## ਵਿਗਿਆਨਕ ਤਰੱਕੀ ਦਾ
## ਲਾਭ ਲੈਣ ਸਬੰਧੀ ਅਧਿਕਾਰ

**ਸੁਰੱਖਿਅਤ** ਗਰਭ ਸਮਾਪਨ ਦੀ ਸਹੂਲਤ ਤੇ ਰੋਕ ਇੱਕ ਮਹਿਲਾ ਦੀ ਸਿਹਤ ਅਤੇ ਜਿੰਦਗੀ ਨੂੰ ਖਤਰੇ ਵਿੱਚ ਪਾ ਸਕਦੀ ਹੈ। ਇਸ ਲਈ ਜਰੂਰੀ ਹੈ ਕਿ ਸਰਕਾਰ ਸੁਰੱਖਿਅਤ ਗਰਭਪਾਤ ਲਈ ਇਸ ਤਰਾਂ ਦੀਆਂ ਸਿਹਤ ਸਹੂਲਤਾਂ ਪ੍ਰਦਾਨ ਕਰੇ ਜਿਸ ਨਾਲ ਮਹਿਲਾਵਾਂ ਨੂੰ ਅਸੁਰੱਖਿਅਤ ਗਰਭ ਸਮਾਪਨ ਦੇ ਖਤਰੇ ਤੋਂ ਬਚਾਇਆ ਜਾ ਸਕੇ। ਸੁਰੱਖਿਅਤ ਗਰਭ ਸਮਾਪਨ ਵਿੱਚ ਕੁੱਝ ਆਮ ਰੁਕਾਵਟਾਂ ਆਂਦੀਆਂ ਹਨ। ਇਨ੍ਹਾਂ ਰੁਕਾਵਟਾਂ ਵਿੱਚ ਸ਼ਾਮਿਲ ਹੈ ਗਰਭ ਸਮਾਪਨ ਕਾਰਨ ਸਮਾਜਿਕ ਬਾਇਕਾਟ, ਕਨੂੰਨੀ ਜਾਣਕਾਰੀ ਅਤੇ ਜਾਗਰੂਕਤਾ ਦੀ ਘਾਟ, ਸੇਵਾਵਾਂ ਤੱਕ ਪਹੁੰਚ, ਸਿੱਖਿਅਤ ਅਧਿਕਾਰੀ ਅਤੇ ਉਪਕਰਣਾਂ ਦੀ ਘਾਟ ਆਦਿ।

ਸੁਰੱਖਿਅਤ ਅਤੇ ਸਵਿਕਾਰਤ ਪ੍ਰਜਣਨ ਸਿਹਤ ਤਕਨੀਕ ਤੱਕ ਹਰ ਮਹਿਲਾ ਦੀ ਪਹੁੰਚ ਹੋਣੀ ਚਾਹੀਦੀ ਹੈ ਇਨ੍ਹਾਂ ਤਕਨੀਕਾਂ ਵਿੱਚ ਸ਼ਾਮਿਲ ਹਨ ਗਰਭ ਨਿਰੋਧਕ ਦੇ ਨਵੇਂ ਤਰੀਕੇ, ਸੁਰੱਖਿਅਤ ਗਰਭ ਸਮਾਪਨ ਦੇ ਤਰੀਕੇ, ਬੱਚਾ ਨਾਂ ਹੋਣ ਦੀ ਸਮੱਸਿਆ ਦਾ ਇਲਾਜ ਅਤੇ ਇਲਾਜ ਦੌਰਾਨ ਕਿਸੇ ਵੀ ਪ੍ਰਕਾਰ ਦੇ ਗੱਲਤ ਨਤੀਜੇ ਨਾਲ ਜੁੜੀ ਜਾਣਕਾਰੀ ।



**25 ਮਲਿਅਨ**

**ਹਰ ਸਾਲ ਅਸੁਰੱਖਿਅਤ ਗਰਭਪਾਤ** [1]

8-11%
ਸੰਸਾਰ ਵਿੱਚ ਮਾਤਾਵਾਂ ਦੀਆਂ ਹੋਣ ਵਾਲੀਆਂ ਮੋਤਾਂ ਗਰਭ ਸਮਾਪਨ ਨਾਲ ਸਬੰਧਿਤ।

22,800 - 31,000
ਰੋਕਣ ਯੋਗ ਮੋਤਾਂ

1 Global, regional, and subregional classification of abortions by safety, 2010–14: estimates from a Bayesian hierarchical model, Lancet 2017

## 2. ਚੁਣਨ ਦਾ ਅਧਿਕਾਰ

**ਵਿਆਹ ਕਰਨ ਜਾਂ ਪਰਿਵਾਰ ਵਧਾਉਣ ਦੀ ਚੋਣ ਦਾ ਅਧਿਕਾਰ**

**ਬੱਚਾ ਕਦੋਂ ਜੰਮਣਾ ਹੈ ਜਾਂ ਨਹੀਂ ਦੀ ਚੋਣ ਦਾ ਅਧਿਕਾਰ ਅਣਚਾਹੇ ਗਰਭ ਔਰਤ ਤੇ ਕਈ ਤਰ੍ਹਾਂ ਨਾਲ ਅਸਰ ਪਾਉਂਦੇ ਹਨ ਉਸਦੇ ਆਰਥਿਕ ਸਾਧਨ, ਸਿਹਤ ਤੇ ਮੈਡੀਕਲ ਸੇਵਾਵਾਂ ਤਕ ਪਹੁੰਚ ਅਨੁਸਾਰ**

ਇੱਕ ਮਹਿਲਾ ਚੋਣ ਕਰ ਸਕਦੀ ਹੈ ਕਿ ਵਿਆਹ ਕਰਵਾਉਣਾ ਹੈ ਜਾਂ ਨਹੀਂ, ਬੱਚਾ ਪੈਦਾ ਕਰਨਾ ਹੈ ਜਾਂ ਨਹੀਂ। ਇਹ ਉਸਨੂੰ ਲਿੰਗਿਕ ਅਤੇ ਪ੍ਰਜਣਨ ਸਿਹਤ ਸੇਵਾਵਾਂ ਜਿੰਨ੍ਹਾਂ ਵਿੱਚ ਪਰਿਵਾਰ ਨਿਯੋਜਨ, ਬਾਂਝਪਣ ਦਾ ਇਲਾਜ਼, ਲਿੰਗਿਕ ਬਿਮਾਰੀਆਂ ਸਮੇਤ ਐਚ ਆਈ ਵੀ ਏਡਜ਼ ਤੋਂ ਬਚਾਅ ਅਤੇ ਇਲਾਜ ਸ਼ਾਮਿਲ ਹੈ, ਕਲੰਕ ਮੁੱਕਤ ਵਾਤਾਵਰਣ ਵਿੱਚ ਨਿਰਣੇ ਦੇ ਫੈਸਲੇ ਦੀ ਸਹੂਲਤ ਦਾ ਅਧਿਕਾਰ ਦਿੰਦਾ ਹੈ।

ਅਤੇ ਉਸਦੀ ਨਿੱਜੀ ਪਹਿਲ ਦਾ ਸਤਿਕਾਰ ਕਰਨ ਦੀ ਜਰੂਰਤ ਹੈ। ਉਸਦੀ ਖੁਦਮੁਖਤਿਆਰੀ ਦੀ ਚੋਣ ਲਿੰਗਿਕ ਅਤੇ ਪ੍ਰਜਣਨ ਅਧਿਕਾਰਾਂ ਦੇ ਰੂਪ ਵਿੱਚ ਕਾਇਮ ਹੈ।



## 3. ਆਜ਼ਾਦੀ ਦਾ ਅਧਿਕਾਰ

ਸੁਤੰਤਰਤਾ ਅਤੇ ਸੁਰੱਖਿਆ ਦਾ ਅਧਿਕਾਰ
ਨਿੱਜਤਾ ਦਾ ਅਧਿਕਾਰ
ਅਤਿੱਆਚਾਰਾਂ ਜਾਂ ਮਾੜ੍ਹੇ ਇਲਾਜ਼ ਤੋਂ ਮੁੱਕਤ ਹੋਣ ਦਾ ਅਧਿਕਾਰ
ਬਰਾਬਰਤਾ ਅਤੇ ਹਰ ਪ੍ਰਕਾਰ ਦੇ ਵਿੱਤਕਰੇ ਤੋਂ ਮੁੱਕਤ ਹੋਣ ਦਾ ਅਧਿਕਾਰ

ਲਿੰਗ ਅਧਾਰਿਤ ਭੂਮਿਕਾ, ਸਮਾਜਿਕ ਦਬਾਓ, ਸਬੰਧਾਂ ਵਿੱਚ ਉਮੀਦਾਂ ਆਦਿ ਇੱਕ ਵਿਅਕਤੀ ਦੇ ਅਜਾਦੀ ਦੇ ਅਧਿਕਾਰਾਂ ਨੂੰ ਕਈ ਪੱਧਰਾਂ ਤੇ ਸੀਮਿਤ ਕਰਦੇ ਹਨ। ਇੱਕ ਅਣਚਾਹਿਆ ਗਰਭ ਅਤੇ ਇਸ ਗਰਭ ਨੂੰ ਜਾਰੀ ਰੱਖਣ ਨਾਲ ਇੱਕ ਮਹਿਲਾ ਤੇ ਕਈ ਵਾਰ ਕਈ ਤਰਾਂ ਨਾਲ ਸ਼ਰੀਰਕ ਅਤੇ ਮਾਨਸਿਕ ਸਿਹਤ ਸਬੰਧੀ ਮਾੜ੍ਹੇ ਪ੍ਰਭਾਵ ਪੈਂਦੇ ਹਨ। ਕਿਸੇ ਦਾ ਸ਼ਰੀਰ ਵਿਸ਼ੇਸ਼ ਤੋਰ ਤੇ ਲਿੰਗਿਕ ਅਤੇ ਪ੍ਰਜਣਨ ਪੱਖ ਇੱਕ ਨਿੱਜੀ ਮਾਮਲਾ ਹੈ ਅਤੇ ਇਸ ਸਬੰਧੀ ਫੈਸਲਾ ਕਰਨ ਦਾ ਹੱਕ ਸਿਰਫ ਉਸ ਮਹਿਲਾ ਤੱਕ ਹੀ ਰਹਿਣਾ ਚਾਹੀਦਾ ਹੈ। ਇੱਕ ਗੈਰ ਪੱਖਪਾਤ ਵਾਲਾ ਵਾਤਾਵਰਣ ਜੋ ਭਾਈਵਾਲੀ, ਲਿੰਗਿਕ ਅਤੇ ਪਾਲਣ ਪੋਸ਼ਣ ਦੇ ਵੱਖ ਵੱਖ ਸਮੀਕਰਨਾਂ ਨੂੰ ਸਵਿਕਾਰ ਕਰਦਾ ਹੈ ਅਤੇ ਸਮੱਰਥਨ ਦਿੰਦਾ ਹੈ ਇਨ੍ਹਾਂ ਮੁੱਢਲੇ ਅਧਿਕਾਰਾਂ ਦੀ ਯਕਿਨੀ ਦਾ ਅਹਿਸਾਸ ਕਰਵਾਂਉਦਾ ਹੈ।

# ਗਰਭ ਸਮਾਪਨ ਨਾਲ ਜੁੜੇ ਮਨੁੱਖੀ ਅਧਿਕਾਰ ਵੱਖ ਵੱਖ ਕਨੂੰਨੀ ਨਿਯਮਾਂ ਅਧੀਨ ਸੁਰੱਖਿਅਤ ਰੱਖੇ ਗਏ ਹਨ।

| | **ਅੰਤਰਰਾਸ਼ਟਰੀ** ਨਿਆਇਕ ਨਿਯਮ | | |
|---|---|---|---|
| **ਸੁਰੱਖਿਅਤ** ਮਨੁੱਖੀ ਅਧਿਕਾਰ | ਮਨੁੱਖੀ ਅਧਿਕਾਰਾਂ ਦੀ ਸਰਵ ਵਿਆਪਕ ਘੋਸ਼ਣਾ (UDHR) | ਨਾਗਰਿਕ ਅਤੇ ਰਾਜਨੀਤਿਕ ਅਧਿਕਾਰਾਂ ਸਬੰਧੀ **ਅੰਤਰਰਾਸ਼ਟਰੀ** ਸਮਝੌਤਾ **(ICCPR)** | **ਆਰਥਿਕ ਸਮਾਜਿਕ ਅਤੇ ਸਭਿਆਚਾਰਕ** ਅਧਿਕਾਰਾਂ ਸਬੰਧੀ **ਅੰਤਰਰਾਸ਼ਟਰੀ** ਸਮਝੌਤਾ (ICESCR) |
| **ਜ਼ਿੰਦਗੀ**, ਅਜਾਦੀ ਅਤੇ ਸੁਰੱਖਿਆ **ਦਾ ਅਧਿਕਾਰ** | **ਆਰਟੀਕਲ** 3 | **ਆਰਟੀਕਲ** 6.1,9.1 | |
| ਕਿਸੇ ਵੀ ਤਰਾਂ ਦੇ ਅਤਿੱਆਚਾਰ, ਕਸ਼ਟ ਅਤੇ ਗੈਰ ਮਨੁੱਖੀ ਵਿਉਹਾਰ ਤੋਂ ਪੀੜ੍ਹਿਤ ਨਾਂ ਹੋਣ ਦਾ ਅਧਿਕਾਰ | **ਆਰਟੀਕਲ** 5 | **ਆਰਟੀਕਲ** 7 | |
| **ਲਿੰਗ** ਅਧਾਰਿਤ ਭੇਦਭਾਵ ਤੋਂ ਮੁੱਕਤ ਹੋਣ ਦਾ ਅਧਿਕਾਰ | **ਆਰਟੀਕਲ** 2 | **ਆਰਟੀਕਲ** 2.1 | **ਆਰਟੀਕਲ** 2.2 |
| ਅਜਿਹੇ ਰੀਤੀ ਰਿਵਾਜਾਂ ਜਿਸ ਦੁਆਰਾ ਮਹਿਲਾਵਾਂ ਨਾਲ ਭੇਦਭਾਵ ਹੋਵੇ ਵਿੱਚ ਸੋਧ ਕਰਨ ਦਾ ਅਧਿਕਾਰ | | | **ਆਰਟੀਕਲ** 2.5 |
| **ਸਿਹਤ**, **ਪ੍ਰਜਨਨ ਸਿਹਤ ਅਤੇ ਪਰਿਵਾਰ ਨਿਯੋਜਨ** ਦਾ ਅਧਿਕਾਰ | | | **ਆਰਟੀਕਲ** 10.2, 12.1, 12.2 |
| ਜਾਣਕਾਰੀ ਗੁੱਪਤ ਰੱਖਣ ਦਾ ਅਧਿਕਾਰ | | **ਆਰਟੀਕਲ** 17.1 | |
| ਬੱਚਿਆਂ ਵਿੱਚ ਅੰਤਰ ਰੱਖਣ ਦੇ ਫੈਸਲੇ ਦਾ ਅਧਿਕਾਰ | | | **ਆਰਟੀਕਲ** 16.1 |

| | | ਕਾਨਫਰੰਸ ਦਸਤਾਵੇਜ਼ | | |
|---|---|---|---|---|
| ਮਹਿਲਾਵਾਂ ਵਿਰੁੱਧ ਹਰ ਪ੍ਰਕਾਰ ਦੇ ਪੱਖਪਾਤ ਦੇ ਖਾਤਮੇ ਸਬੰਧੀ ਸੰਮੇਲਨ **(CEDAW)** | ਬੱਚਿਆਂ ਦੇ ਅਧਿਕਾਰਾਂ ਸਬੰਧੀ ਸੰਮੇਲਨ **(CRC)** | ਵਿਆਨਾ ਘੋਸਣਾ | ਕਾਅਰੋ ਘੋਸਣਾ | ਬੀਜਿੰਗ ਘੋਸ਼ਣਾ |
| | ਆਰਟੀਕਲ 6.1; 6.2 | | ਸਿਧਾਂਤ 1 ਪੈਰਾ 7.17,8.34 | ਪੈਰਾ 96,106,108 |
| | | ਆਰਟੀਕਲ 37 | ਪੈਰਾ 56 | |
| ਆਰਟੀਕਲ 1.3 | ਆਰਟੀਕਲ 2.1 | ਪੈਰਾ — 18 | ਸਿਧਾਂਤ 1.4 | ਸਿਧਾਂਤ 214 |
| ਆਰਟੀਕਲ 24.3 | ਆਰਟੀਕਲ 2.1 | ਆਰਟੀਕਲ 18; 49 | ਪੈਰਾ 5.5 | ਪੈਰਾ 224 |
| ਆਰਟੀਕਲ 10,11.2,11.3, 12.1, 14.2 | ਆਰਟੀਕਲ 24.1; 24.2 | ਪੈਰਾ 41 | ਸਿਧਾਂਤ 8, ਪੈਰਾ 7.45 | ਪੈਰਾ 89, 92, 267 |
| | ਆਰਟੀਕਲ 16.1; 16.2 | | | ਪੈਰਾ 106, 107 |
| | | | ਸਿਧਾਂਤ 8 | ਪੈਰਾ 223 |

1 Safe and Legal Abortion is a Woman's Human Right, Briefing Paper, Center for Reproductive Rights, 2004

ਇੱਕ ਮਹਿਲਾ ਨੂੰ ਇਹ
ਚੋਣ ਕਰਨ ਦੀ ਅਜ਼ਾਦੀ
ਹੈ ਕਿ

ਅਪਣੇ ਬੱਚੇ ਨੂੰ ਜਨਮ ਦੇਣਾ ਜਾਂ ਗਰਭ
ਸਮਾਪਨ ਕਰਨਾ। ਇਹ ਸਾਰੇ ਖੇਤਰ
ਅਸਲ ਵਿੱਚ ਉਸਦੀ ਨਿੱਜਤਾ ਦੇ ਹਨ।

**ਅਗਸਤ** 2017, **ਭਾਰਤ ਦੀ ਸੁਪਰੀਮ ਕੋਰਟ**

# ਗਰਭ ਸਮਾਪਨ
# +ਦਰ

INCIDENCE • PREGNANCIES • SURVEY
PREGNANCY RATE • UNINTENDED
UNPLANNED • METHODOLOGY
MEDICATION • EFFECTIVE • SURVEY
ESTIMATE • CONTRACEPTION
DATA • METHODOLOGY • INCIDENCE
RESEARCH • DATA • ESTIMATES • RATE
RECOMMENDATIONS • INCIDENCE
PREGNANCIES • UNINTENDED
CONTRACEPTION •METHODOLOGY
•UNPLANNED • MEDICATION • DATA
EFFECTIVE • SURVEY •
RESEARCH • ESTIMATES •
RECOMMENDATIONS • INCIDENCE
PREGNANCIES • UNINTENDED
UNPLANNED • PREGNANCY
RATE • MEDICATION • EFFECTIVE
CONTRACEPTION • INCIDENCE
•UNPLANNED • MEDICATION • DATA
EFFECTIVE • SURVEY • INCIDENCE
RESEARCH • ESTIMATES • RATE
RECOMMENDATIONS • INCIDENCE
PREGNANCIES • UNINTENDED

# ਗਰਭ ਸਮਾਪਨ +ਦਰ

ਭਾਰਤ ਪਾਸ ਪ੍ਰੇਰਿਤ ਗਰਭ ਸਮਾਪਨ ਦੀਆਂ ਘਟਨਾਵਾਂ ਸਬੰਧੀ ਕੋਈ ਵੀ ਡਾਟਾ ਨਹੀਂ ਹੈ। Guttmacher Institute ਸੰਗਠਨ ਨੇ ਦੇਸ਼ ਵਿੱਚ ਗਰਭ ਸਮਾਪਨ ਅਤੇ ਅਣਚਾਹੇ ਗਰਭਾਂ ਦੀ ਗਿਣਤੀ ਦਾ ਅੰਦਾਜ਼ਾ ਲਗਾਉਣ ਲਈ ਇੱਕ ਸਟੱਡੀ ਕਰਵਾਈ ਹੈ।

## ਅਧਿਐਨ ਦੇ ਮੁੱਖ ਨਤੀਜੇ[1]

2015 **ਵਿੱਚ, ਭਾਰਤ ਵਿੱਚ ਕੁੱਲ ਗਰਭ ਅਵਸਥਾਵਾਂ ਦਾ ਅਨੁਮਾਨ ਲਗਾਇਆ ਗਿਆ ਸੀ**

48.1 **ਮਿਲੀਅਨ,**

**ਦੀ ਦਰ ਦਾ ਸੁਝਾਅ**

144.7 **ਗਰਭ ਪ੍ਰਤੀ**

1000 ਔਰਤਾਂ

ਪ੍ਰਜਨਣ **ਉਮਰ ਸਮੂਹ ਵਿੱਚ**(15 ਤੋਂ 49 **ਸਾਲ**).

**ਇਨ੍ਹਾਂ ਵਿੱਚੋਂ** 144.7 **ਗਰਭ ਅਵਸਥਾਵਾਂ**

(**ਪ੍ਰਤੀ** 100 0 ਮਹਿਲਾਵਾਂ),

70.1 ਅਣਚਾਹੇ ਗਰਭ ਸਨ।

1 Singh et al., “The incidence of abortion and unintended pregnancy in India 2015”, Lancet Global Health, Volume 6, Issue 1, 2018


ਭਾਰਤ ਵਿੱਚ ਸਾਲ 2015 ਵਿੱਚ 48.1 ਮਿਲੀਅਨ ਗਰਭਾਂ ਵਿੱਚੋਂ ਲੱਗਭੱਗ 15.6 ਮਿਲੀਅਨ ਗਰਭਪਾਤ ਹੋਏ ਹਨ ਜੋ ਕਿ ਇਸਦਾ ਸੰਕੇਤ ਹੈ ਕਿ ਪ੍ਰਜਣਨ ਉਮਰ ਦੇ ਸਮੂਹ ਦੀਆਂ ਮਹਿਲਾਵਾਂ ਵਿੱਚ ਗਰਭਪਾਤ ਦੀ ਦਰ 47 ਪ੍ਰਤੀ 1000 ਹੈ। ਇਹ ਅੰਦਾਜੇ ਸਰਕਾਰੀ ਸਰੋਤਾਂ ਦੀਆਂ ਰਿਪੋਰਟਾਂ ਤੋਂ ਪੰਜ ਗੁਣਾ ਵੱਧ ਹਨ।

## 15.6 ਮਿਲੀਅਨ ਗਰਭਪਾਤ



0.8 ਮਿਲੀਅਨ (5 ਫਿਸਦੀ) ਅਸੁਰਖਿੱਅਤ ਗਰਭਪਾਤ ਮੰਨੇ ਗਏ ਹਨ ਭਾਵ ਗੈਰ ਸਿਖਿੱਅਕ ਵਿਅਕਤੀਆਂ, ਗੈਰ ਮਾਨਤਾ ਪ੍ਰਾਪਤ ਪ੍ਰੈਕਟਿਸ਼ਨਰਾਂ ਦੁਆਰਾ ਗੈਰ ਮੰਨਜੁਰਸੁਦਾ ਥਾਵਾਂ ਤੇ ਕੀਤੇ ਗਏ ਹਨ।

## ਵਰਤੇ ਤਰੀਕੇ





12.7 ਮਿਲੀਅਨ (81 ਫਿਸਦੀ ਗਰਭਪਾਤ)


2.2 ਮਿਲੀਅਨ (14 ਫਿਸਦੀ ਗਰਭਪਾਤ)

0.8 ਮਿਲੀਅਨ (5 ਫਿਸਦੀ ਗਰਭਪਾਤ)


# ਅਧਿਐਨ ਦੇ ਮੁੱਖ ਨਤੀਜੇ








ਅਣਜਾਣੇ ਗਰਭ ਦੀ ਦਰ ਦੇ ਨਾਲ ਇਕਸਾਰ ਹੈ ਅਸਰਦਾਇਕ ਗਰਭ ਨਿਰੋਧਕ ਲਈ ਨਾਂ ਪੂਰੀਆਂ ਹੋਣ ਵਾਲੀਆਂ ਜਰੂਰਤਾਂ ਦਾ ਪੱਧਰ।










ਭਾਰਤ ਵਿੱਚ ਵਿਆਹੁਤਾ ਮਹਿਲਾਵਾਂ ਵਿੱਚ ਗਰਭ ਨਿਰੋਧਕ ਲਈ ਨਾਂ ਪੂਰੀਆਂ ਹੋਣ ਵਾਲੀਆਂ ਜਰੂਰਤਾਂ ਦੀ ਗਿਣਤੀ

13 ਫਿਸਦੀ ਸੀ।

6 % **ਵਿਆਹੁਤਾ ਔਰਤਾਂ ਪਰੰਪਰਿਕ ਤਰੀਕੇ ਵਰਤਦੀਆਂ ਹਨ ਜਿਨ੍ਹਾਂ ਦੇ ਫੇਲ੍ਹ ਹੋਣ ਦਾ ਖ਼ਤਰਾ ਜ਼ਿਆਦਾ ਹੁੰਦਾ ਹੈ**

# ਸੁਰਖਿੱਅਤ ਬਨਾਮ ਅਸੁਰਖਿੱਅਤ ਗਰਭਪਾਤ

**ਗਰਭਸਮਾਪਨ ਦੀ ਜਗ੍ਹਾ**



ਇਸ ਸਟੱਡੀ ਨੇ 2015 ਵਿੱਚ ਸੰਸਥਾਵਾਂ ਵਿੱਚ ਅਤੇ ਸੰਸਥਾਵਾਂ ਤੋਂ ਬਾਹਰ ਹੋਏ ਗਰਭਪਾਤਾਂ ਦਾ ਅੰਦਾਜਾ ਲਗਾਇਆ ਹੈ।

# ਅਧਿਐਨ ਦੇ ਤਰੀਕੇ

ਸੰਯੁਕਤ ਰਾਸ਼ਟਰ ਸੰਘ ਦੇ ਅੰਕੜਿਆਂ ਤੋਂ 15 ਤੋਂ 49 ਸਾਲ ਦੀਆਂ

ਪ੍ਰਜਣਨ ਉਮਰ ਦੀਆਂ ਔਰਤਾਂ ਦੀ ਗਿਣਤੀ ਤੇ ਜਨਮ ਦਰ ਦਾ ਅੰਕੜਾ ਲਿਆ ਗਿਆ

ਅਣਚਾਹੇ ਗਰਭ ਤੇ ਗਰਭ ਨਿਰੋਧਕ ਦੀ ਵਰਤੋਂ ਬਾਰੇ ਅੰਕੜਾ NFHS4 ਤੋਂ ਲਿਆ ਗਿਆ

## ਸੀਮਾਂਵਾਂ


ਇਕੱਲੇ ਮਿਸੋਪ੍ਰੋਸਟੋਲ ਦੀ ਗਰਭਪਾਤ ਲਈ ਵਰਤੋਂ ਨੂੰ ਹੀ ਨਹੀਂ ਗਿਣਿਆ ਜਾਵੇ।

ਦਵਾਈਆਂ ਦੀ ਬਹੁਵਰਤੋਂ ਨੂੰ ਵੀ ਥਾਂ ਦੇਵੋ, ਅਜਿਹਾ ਕਰਨਾ ਸੰਭਬ ਨਹੀਂ ਸੀ।

ਸਿਹਤ ਸਹੂਲਤਾਂ ਤੋਂ ਬਾਹਰ ਗਰਭ ਸਮਾਪਨ ਦੀਆਂ ਸੇਵਾਵਾਂ ਦੇਣ ਵਾਲੇ ਨਿੱਜੀ ਡਾਕਟਰਾਂ ਦਾ ਅੰਕੜਾ ਵੀ ਸ਼ਾਮਿਲ ਨਹੀਂ ਕੀਤਾ ਗਿਆ ਹੈ ਜਿਨ੍ਹਾਂ ਨੇ ਦਵਾਈਆਂ ਨਾਲ ਗਰਭਪਾਤ ਕਰਵਾਇਆ ਹੋ ਸਕਦਾ ਹੈ।

# ਡਾਟਾ ਦੇ ਸਰੋਤ
# ਗਰਭਪਾਤ ਦੀ ਘਟਨਾ

## ਸਿੱਧਾ ਤਰੀਕਾ




2 2015 ਦਾ ਸਿਹਤ ਸਹੂਲਤ ਸਰਵੇਖਣ ਮਾਰਚ ਤੋਂ ਅਗੱਸਤ 2015 ਤੱਕ ਕੀਤਾ ਗਿਆ, ਅਸਾਮ, ਬਿਹਾਰ,ਗੁਜਰਾਤ,ਮੱਧ ਪ੍ਰਦੇਸ਼,ਤਾਮਿਲਨਾਡੂ ਅਤੇ ਉੱਤਰ ਪ੍ਰਦੇਸ਼ ਦੇ 4001 ਸਰਕਾਰੀ ਅਤੇ ਨਿੱਜੀ ਸਿਹਤ ਕੇਂਦਰਾਂ ਦੁਆਰਾ ਸਾਲਾਨਾ (ਦਵਾਈਆਂ ਅਤੇ ਅਪ੍ਰੇਸ਼ਨਾਂ ਦੁਆਰਾ) ਕੀਤੇ ਗਏ ਪ੍ਰੇਰਿਤ ਗਰਭਪਾਤਾਂ ਦੀ ਗਿਣਤੀ ਦੇ ਅਧਾਰ ਤੇ ਡਾਟਾ ਇਕੱਠਾ ਕੀਤਾ ਗਿਆ।

ਸਹੂਲਤਾਂ ਤੋਂ ਬਾਹਰ ਮੈਡੀਕਲ ਗਰਭ ਸਮਾਪਨ

ਦਵਾਈਆਂ ਵਰਤਣ ਨਾਲ ਗਰਭ ਸਮਾਪਨ

ਕੰਬੀਪੈਕਸ (Combipacks) ਦੀ ਗੈਰ ਲਾਭਕਾਰੀ ਵੰਡ ਅਤੇ ਦਵਾਈਆਂ ਦੀ ਲਾਭ ਲਈ ਵਿਕਰੀ ਸਬੰਧੀ ਆਈ ਐਮ ਐਸ (IMS) ਡਾਟਾ

ਦਵਾਈਆਂ ਨਾਂ ਵਰਤਣ ਨਾਲ।

ਸਾਲ 2009 ਵਿੱਚ ਮਹਾਂਰਾਸ਼ਟਰ ਅਤੇ ਰਾਜਸਥਾਨ ਵਿੱਚ 02 ਕਮਿਊਨਿਟੀ ਅਧਾਰਿਤ ਅਧਿਐਨ।

## ਅਸਿੱਧਾ ਤਰੀਕਾ

# ਅਧਿਐਨ ਦੀਆਂ ਸਿਫਾਰਸ਼ਾਂ

1.

ਸਿਹਤ ਸੰਸਥਾ ਕੋਲ ਬਿਹਤਰ ਢਾਂਚਾ ਤੇ ਮਾਨਵ ਸੰਸਾਧਨ ਹੋਣੇ ਚਾਹੀਦੇ ਹਨ ਤਾਂ ਕਿ ਚੰਗੀ ਗਰਭਸਮਾਪਨ ਸੇਵਾ ਦਿੱਤੀ ਜਾ ਸਕੇ

2.

ਦਵਾਈ ਵਿਕਰੇਤਾ ਕੋਲ ਦਵਾਈਆਂ ਸਬੰਧੀ ਪੂਰੀ ਜਾਣਕਾਰੀ ਹੋਣੀ ਚਾਹੀਦੀ ਹੈ

3.

ਕਿਉਂਕਿ ਜ਼ਿਆਦਾਤਰ ਔਰਤਾਂ ਦਵਾਈ ਨਾਲ ਗਰਭ ਸਮਾਪਨ ਕਰਵਾਉਂਦੀਆਂ ਹਨ ਸਰਕਾਰ ਨੂੰ ਦਵਾਈ ਬਾਰੇ ਜਾਣਕਾਰੀ ਦੇਣੀਂ ਚਾਹੀਦੀ ਹੈ ਤੇ ਬਾਅਦ ਦੀ ਸੇਵਾ ਸੰਭਾਲ ਦਾ ਧਿਆਨ ਕਰਨਾ ਚਾਹੀਦਾ ਹੈ

4.

ਚੰਗੀਆਂ ਗਰਭ ਨਿਰੋਧਕ ਸੇਵਾਵਾਂ ਪ੍ਰਦਾਨ ਕਰਨ ਦੀ ਨੀਤੀ ਬਣਾਉਣੀ ਚਾਹੀਦੀ ਹੈ ਤਾਂ ਕਿ ਅਣਚਾਹੇ ਗਰਭ ਨਾ ਠਹਿਰਣ

SEXUAL AND REPRODUCTIVE HEALTH RIGHTS • INTERSECTIONALITY GENDER • PATRIARCHY • SEX SEXUALITY • SEXUAL HEALTH SEXUAL RIGHTS • GENDER ANALYSIS SEXUAL ORIENTATION • GENDER NORMS • INTIMACY • STIGMA • LACK OF AWARENESS • REPRODUCTION WOMEN'S RIGHTS • SEXUALITY • SEX GENDER •HEALTH •

# ਮੁੱਖ ਧਾਰਨਾਵਾਂ

# +ਲਿੰਗ ਅਤੇ ਯੌਨਿਕਤਾ

WOMEN'S RIGHT SEX • SEXUAL AND REPRODUCTIVE HEALTH RIGHTS • INTIMACY • SEX NORMS • STIGMA • SEX • SEXUALITYSEXUAL HEALTH • SEXUAL RIGHTS GENDER ANALYSIS • PATRIARCHY LACK OF AWARENESS • SEXUAL ORIENTATION • GENDER NORMS INTIMACY • FEMALE SEXUALITYSEXUAL AND REPRODUCTIVE HEALTHRIGHTS • INTERSECTIONALITY GENDER • PATRIARCHY • SEX SEXUALITY

# ਮੁੱਖ ਧਾਰਨਾਵਾਂ ਲਿੰਗ ਅਤੇ ਯੋਨਿਕਤਾ

ਆਮ ਤੋਰ ਤੇ ਜਿਣਸੀ ਅਤੇ ਪ੍ਰਜਣਨ ਸਿਹਤ ਅਧਿਕਾਰਾਂ (SRHR) ਲਈ ਕੰਮ ਕਰਨਾ ਅਤੇ ਵਿਸ਼ੇਸ਼ ਤੋਰ ਤੇ ਸੁਰਖਿੱਅਤ ਗਰਭਪਾਤ ਲਈ ਕੰਮ ਕਰਨਾ ਕਈ ਮੁੱਦਿਆਂ ਦੇ ਚੋਰਾਹੇ ਤੇ ਪਿਆ ਹੈ। ਇਨ੍ਹਾਂ ਮੁੱਦਿਆਂ ਨੂੰ ਖੋਲਣ ਅਤੇ ਇਨ੍ਹਾਂ ਨਾਲ ਜੁੜ੍ਹੇ ਰਹਿਣ ਲਈ ਇਨ੍ਹਾਂ ਧਾਰਨਾਵਾਂ ਨੂੰ ਸਹੀ ਤਰੀਕੇ ਨਾਲ ਸਮਝਣਾ ਅਤੇ ਲਾਗੂ ਕਰਨਾ ਮਹੱਤਵਪੂਰਨ ਹੈ ਜਿਵੇਂ ਕਿ ਪਿੱਤਰਸੱਤਾ, ਲਿੰਗ, ਲਿੰਗਿਕਤਾ, ਲਿੰਗਿਕ ਸਿਹਤ, ਲਿੰਗਿਕ ਅਧਿਕਾਰ, ਪਰਜਣਨ ਸਿਹਤ ਅਤੇ ਪ੍ਰਜਣਨ ਅਧਿਕਾਰ। ਇਹ ਨੋਟ ਲਿੰਗ ਅਤੇ ਲਿੰਗਿਕਤਾ ਅਤੇ ਉਨ੍ਹਾਂ ਦੇ ਸੁਰੱਖਿਅਤ ਗਰਭ ਸਮਾਪਨ ਨਾਲ ਆਪਸੀ ਸਬੰਧਾ ਦੀਆਂ ਧਾਰਨਾਵਾਂ ਬਾਰੇ ਸਨੈਪਸ਼ਾਟ ਪ੍ਰਦਾਨ ਕਰਨ ਦੀ ਕੋਸ਼ਿਸ਼ ਕਰਦਾ ਹੈ।

## :ਲਿੰਗ

**ਸਾਡਾ ਸਮਾਜ ਅਤੇ ਸਭਿਆਚਾਰ ਨਿਰਧਾਰਿਤ ਕਰਦਾ ਹੈ ਕਿ ਇਕ ਮਰਦ ਜਾਂ ਔਰਤ ਹੋਣਾ ਕੀ ਹੈ | ਇਹ ਇੱਕ ਸਮਾਜਕ ਧਾਰਨਾ ਹੈ ਨਾ ਕਿ ਜੀਵ ਵਿਗਿਆਨ ਦੁਆਰਾ ਨਿਰਧਾਰਤ ਚੀਜ਼**

ਲਿੰਗ ਇੱਕ ਸਮਾਜਿਕ ਵਿਵਸਥਾ ਦੇ ਤੌਰ ਤੇ ਕੰਮ ਕਰਦਾ।

| | | |
|---|---|---|
| ਸਮਾਜਿਕ ਵਿਸ਼ਵਾਸ਼ | ਪੁਰਸ਼ ਮਜ਼ਬੂਤ ਹਨ, ਪੁਰਸ਼ ਤਰਕਸ਼ੀਲ ਹਨ। | ਔਰਤਾਂ ਕਮਜ਼ੋਰ ਹੁੰਦੀਆਂ ਹਨ ਔਰਤਾਂ ਭਾਵਕ ਹੁੰਦੀਆਂ ਹਨ |
| ਲਿੰਗ ਨਿਯਮ। | ਮਰਦਾਂ ਦੀ ਰਾਏ ਹੁੰਦੀ ਹੈ ਤੇ ਉਹ ਉਸ ਦਾ ਪਰ੍ਗਟਾਵਾ ਕਰ ਸਕਦੇ ਹਨ | ਔਰਤਾਂ ਨੂੰ ਆਪਣੇ ਭਾਵਾਂ ਦਾ ਪਰ੍ਗਟਾਵਾ ਨਹੀਂ ਕਰਨਾ ਚਾਹੀਦਾ |
| ਲਿੰਗ ਭੂਮਿਕਾ | ਪੁਰਸ਼ ਰੋਟੀ ਕਮਾਉਣ ਵਾਲੇ ਚਾਹੀਦੇ ਹਨ। | ਮਹਿਲਾਵਾਂ ਘਰ ਸੰਭਾਲਣ ਅਤੇ ਦੇਖਭਾਲ ਕਰਨ ਵਾਲੀਆਂ ਚਾਹੀਦੀਆਂ ਹਨ। |
| ਕੰਮ ਦੀ ਵੰਡ। | ਉਤਪਾਦਕਤਾ ਵਾਲਾ ਕੰਮ ਜਿਸ ਤੋਂ ਕੋਈ ਕਮਾਈ ਹੋਵੇ ਮਰਦਾਂ ਨੂੰ ਕਰਨਾ ਚਾਹੀਦਾ ਹੈ | ਪ੍ਰਜਣਨ, ਦੇਖਭਾਲ, ਪਾਲਣ ਪੋਸ਼ਣ ਵਾਲੇ ਕੰਮ ਮਹਿਲਾਵਾਂ ਨੂੰ ਕਰਨੇ ਚਾਹੀਦੇ ਹਨ। |
| ਭਿੰਨ ਡੋਮੇਨ, ਕੰਮ ਅਤੇ ਗਤੀਵਿਧੀਆਂ | ਮਰਦਾਂ ਦੇ ਕੰਮ ਬਾਹਰਲੇ ਖੇਤਰ ਵਿੱਚ ਹਨ | ਔਰਤਾਂ ਦੇ ਕੰਮ ਘਰ ਅਤੇ ਨਿੱਜੀ ਖੇਤਰ ਵਿੱਚ ਹਨ |

**WHILE UNPACKING THESE ISSUES AND ENGAGING WITH THEM, IT'S IMPORTANT TO ACCURATELY UNDERSTAND AND APPLY CONCEPTS SUCH AS PATRIARCHY GENDER, SEXUALITY, SEXUAL HEALTH AND RIGHTS, REPRODUCTIVE HEALTH AND RIGHTS.**


ਇਨ੍ਹਾਂ ਮੁੱਦਿਆਂ ਨੂੰ ਖੋਲਣ ਅਤੇ ਉਨ੍ਹਾਂ ਨਾਲ ਜੁੜ੍ਹਣ ਲਈ,ਪਿੱਤਰਸੱਤਾ, ਲਿੰਗ, ਲਿੰਗਿਕਤਾ, ਲਿੰਗਿਕ ਸਿਹਤ ਅਤੇ ਅਧਿਕਾਰ, ਪ੍ਰਜਣਨ ਸਿਹਤ ਅਤੇ ਅਧਿਕਾਰਾਂ ਨਾਲ ਜੁੜ੍ਹੀਆਂ ਧਾਰਨਾਵਾਂ ਨੂੰ ਸਹੀ ਰੂਪ ਵਿੱਚ ਸਮਝਣਾ ਅਤੇ ਲਾਗੂ ਕਰਨਾ ਮਹੱਤਵਪੂਰਨ ਹੈ।

## ਲਿੰਗ ਵਿਸ਼ਲੇਸ਼ਣ

**ਇਹ ਸਮਾਜਿਕ ਵਿਸ਼ਲੇਸ਼ਣ ਹੈ ਜਿਹੜਾ ਔਰਤ ਤੇ ਮਰਦ ਵਿੱਚਕਾਰ ਖਾਸ ਕਰਕੇ ਸਮਾਜਕ ਆਰਥਿਕ ਸਮੂਹ ਦੇ** ਵਿਸ਼ੇ ਤੇ **ਸ੍ਰੋਤਾਂ,ਗਤੀਵਿਧੀਆਂ, ਤਾਕਤਾਂ ਅਤੇ ਰੁਕਾਵਟਾਂ ਨੂੰ ਪਰਿਭਾਸ਼ਿਤ ਕਰਦਾ ਹੈ |**

## ਪਿੱਤਰ ਸੱਤਾ

**ਇਹ ਇਤਿਹਾਸਕ ਤਾਕਤ ਦਾ ਅਸੰਤੁਲਨ ਅਤੇ ਸਭਿਆਚਾਰਕ ਨੀਤੀ ਹੈ ਜੋ ਮਰਦਾਂ ਨੂੰ ਸਮਾਜ ਵਿੱਚ ਵਧੇਰੇ ਤਾਕਤ ਦਿੰਦੀ ਹੈ ਤੇ ਕੁਝ ਪਦਾਰਥਵਾਦੀ ਫਾਇਦੇ ਵੀ ਦਿੰਦੀ ਹੈ ਜਿਵੇਂ ਕਿ ਵੱਧ ਆਮਦਨ, ਪਰਿਵਾਰ ਦੀਆਂ ਔਰਤਾਂ ਤੇ ਲੜਕੀਆਂ ਦੁਆਰਾ ਸੇਵਾ ਤੇ ਸੰਭਾਲ | ਪਿੱਤਰ ਸੱਤਾ ਸੰਸਥਾਗਤ ਹੈ ਇਹ ਕਈ ਪੱਧਰਾਂ ਤੇ ਕੰਮ ਕਰਦੀ ਹੈ ਵਿਅਕਤੀਗਤ ,ਪਰਿਵਾਰਕ, ਸਮਾਜਿਕ ਅਤੇ ਹੋਰ ਸੰਸਥਾ ਵਿੱਚ ਜਿਵੇਂ ਕਿ ਸਿਹਤ ਸਿੱਖਿਆ ਅਤੇ ਕਾਨੂੰਨ ਆਦਿ**




## ਯੋਨਿਕਤਾ

ਇਸ ਵਿੱਚ ਯੋਨਿਕਤਾ ਸਬੰਧ,ਲਿੰਗ ਪਛਾਣ ਅਤੇ ਭੂਮਿਕਾ, ਯੋਨਿਕਤਾ ਰੁਝਾਨ, ਯੋਨ ਅਨੰਦ ਅਤੇ ਸੰਤੁਸ਼ਟੀ, ਪ੍ਰਜਣਨ, ਨੇੜਤਾ ਦੇ ਮੁੱਦੇ ਸ਼ਾਮਿਲਹਨ। ਯੋਨਿਕਤਾ ਵਿਚਾਰ, ਕਲਪਨਾਵਾਂ, ਇਛਾਵਾਂ, ਵਿਸ਼ਵਾਸ਼, ਰਵਈਏ, ਕਦਰਾਂ, ਵਿਉਹਾਰ, ਕਰਮ, ਭੂਮਿਕਾ ਅਤੇ ਰਿਸ਼ਤਿਆਂ ਦੁਆਰਾ ਮਾਣੀ ਅਤੇ ਮਹਿਸੂਸ ਕੀਤੀ ਜਾ ਸਕਦੀ ਹੈ। ਯੋਨਿਕਤਾ ਵਿੱਚ ਇਹ ਸਭ ਸ਼ਾਮਿਲ ਹੈ ਪਰ ਜਰੂਰੀ ਨਹੀਂ ਕਿ ਇਹ ਸਾਰਿਆਂ ਵਲੋਂ ਮਹਿਸੂਸ ਕੀਤਾ ਜਾ ਸਕੇ।

1 Barker et al. “Engaging men and boys in changing gender-based inequity in health: Evidence from programme interventions”, World Health Organisation (2007), www.who.int/gender/documents/ Engaging_men_boys.pdf

2 “Defining sexual health, Report of a technical consultation on sexual health, 28–31 January 2002”, World Health Organisation, 2006 www.who.int/reproductivehealth/publications/sexual_health/ defining_sexual_health.pdf


ਯੋਨਿਕਤਾ
ਨੈਤਿਕ
ਸ਼ਰੀਰਕ ਤੌਰ ਤੇ
ਭੂਗੋਲਿਕ
ਰਾਜਨੀਤਿਕ
ਅਧਿਆਤਮਕ
ਧਾਰਮਿਕ
ਸਭਿਆਚਾਰਕ
ਸ਼ਰੀਰਕ
ਆਰਥਿਕ

# ਮਰਦ ਯੌਨਿਕਤਾ

**ਮਰਦ ਜਿਨਸੀ ਸੰਬੰਧ ਬਣਾ ਸਕਦਾ ਹੈ ਤੇ ਇਸਦੀ ਮੰਗ ਕਰ ਸਕਦਾ ਹੈ**

ਲੜਕੇ ਲੜਕੀ ਨਾਲ ਦੋਸਤੀ ਦੀ ਸ਼ੁਰੂਆਤ ਕਰਦੇ ਹਨ, ਜੇਕਰ ਉਹ ਨਾਂਹ ਕਹਿੰਦੀ ਹੈ ਤਾਂ ਉਨ੍ਹਾਂ ਦੀ ਮਰਦਾਨਗੀ ਨੂੰ ਠੇਸ ਪਹੁੰਚਦੀ ਹੈ।

**ਮਰਦਾਂ ਵਿਚ ਜਿਨਸੀ ਭੁੱਖ ਜ਼ਿਆਦਾ ਹੁੰਦੀ ਹੈ**

ਆਦਮੀ ਵਾਅਦੇ ਨਿਭਾਂਉਦੇ ਹਨ।

**ਵੀਰਜ ਗਿਰਨ ਨਾਲ ਕਮਜ਼ੋਰ ਹੋ ਜਾਂਦੇ ਹਨ**

**ਮਰਦ ਦਾ ਬੀਜ ਕਦੀ ਵੀ ਜ਼ਾਇਆ ਨਹੀਂ ਜਾਣਾ ਚਾਹੀਦਾ |**

**ਤਾਕਤ ਦਿਖਾਉਣ ਲਈ ਤਗੜਾ ਸਰੀਰ ਦਿਖਾਉਣਾ ਠੀਕ ਹੈ**

ਆਦਮੀ ਤਕੜੇ ਹਨ,
ਆਦਮੀ ਨੇਤਾ ਹਨ।

## ਔਰਤ ਯੌਨਿਕਤਾ

ਔਰਤ ਨੂੰ ਜਿਨਸੀ ਲੋੜ
ਜ਼ਾਹਿਰ ਨਹੀਂ ਕਰਨੀ ਚਾਹੀਦੀ
ਤੇ ਜਿਨਸੀ ਸਬੰਧ ਦੀ ਪਹਿਲ
ਵੀ ਨਹੀਂ ਕਰਨੀ ਚਾਹੀਦੀ |

ਜਦੋਂ ਵੀ ਮਰਦ ਜਿਨਸੀ ਸੰਬੰਧ
ਚਾਹਵੇ ਤਾਂ ਔਰਤ ਨੂੰ ਮੰਨ ਜਾਣਾ
ਚਾਹੀਦਾ ਹੈ

ਔਰਤਾਂ ਵਿਚ ਜਿਨਸੀ ਭੁੱਖ ਘੱਟ
ਹੁੰਦੀ ਹੈ

ਔਰਤ ਦੇ ਕਮਜ਼ੋਰ ਸਰੀਰ ਹਮੇਸ਼ਾ
ਢਕੇ ਰਹਿਣੇ ਚਾਹੀਦੇ ਹਨ

ਔਰਤਾਂ ਦੀ ਇੱਜ਼ਤ ਨੂੰ
ਬਚਾਕੇ ਰੱਖਣਾ ਚਾਹੀਦਾ ਹੈ

ਮਹਿਲਾਵਾਂ ਕਮਜ਼ੋਰ ਹਨ,
ਸਿਰਫ ਫੈਸਲਿਆਂ ਨੂੰ
ਲਾਗੂ ਕਰਦੀਆਂ ਹਨ।

# ਸੁਰੱਖਿਅਤ ਗਰਭ ਸਮਾਪਨ ਲਿੰਗ ਅਤੇ ਯੋਨਿਕਤਾ ਨਾਲ ਕਿਵੇਂ ਜੁੜਿਆ ਹੋਇਆ ਹੈ।

1. **ਸੰਸਾਧਨਾਂ ਤੇ ਨਿਯੰਤਰਣ ਨਹੀਂ ਹੈ।**

2. **ਮਰਦਾਂ ਨੇ ਗਰਭ ਰੋਕਣ ਵਿਚ ਆਪਣੀ ਜ਼ਿੰਮੇਵਾਰੀ ਤੋਂ ਮੂੰਹ ਮੋੜ ਲਿਆ ਹੈ**

3. **ਵਿਆਹ ਜਾਂ ਉਸ ਤੋਂ ਬਾਅਦ ਬਿਨਾਂ ਮਰਜ਼ੀ ਤੋਂ ਯੌਨ ਸੰਬੰਧ**

4. **ਗਰਭ ਨਿਰੋਧਕ ਤੱਕ ਪਹੁੰਚ**

5. ਗਰਭ ਸਮਾਪਨ ਸਬੰਧੀ ਕਲੰਕ ਅਤੇ ਸ਼ਰਮ।

6. ਸੇਵਾਵਾਂ ਦੀ ਕੀਮਤ ਅਤੇ ਪਹੁੰਚ ਦੀ ਘਾਟ ਵਿਸ਼ੇਸ਼ ਕਰਕੇ ਜਵਾਨ ਮਹਿਲਾਵਾਂ ਲਈ।

7. **ਘੱਟ ਗੁਣਵੱਤਾ ਤੇ ਸ਼ੋਸ਼ਣ ਵਾਲੀ ਸੇਵਾ**

8. ਸੇਵਾਵਾਂ ਸਬੰਧੀ ਵਿਸ਼ੇਸ਼ ਕਰਕੇ ਜਵਾਨ ਮਹਿਲਾਵਾਂ ਲਈ ਪੱਖਪਾਤੀ ਰਵਈਆ।

9. ਗਰਭ ਸਮਾਪਨ ਬਾਰੇ ਕਨੂੰਨੀ ਸਥਿਤੀ ਸਬੰਧੀ ਜਾਗਰੂਕਤਾ ਦੀ ਘਾਟ।

THE MEDICAL TERMINATION OF PREGNANCY ACT • MATERNAL MORTALITY • TERMINATION CONDITIONS • MIFEPRISTONE MISOPROSTOL • DISTRICT COMMITTTEE • SEX DETERMINATION THE PRE-CONCEPTION PRE-NATAL DIAGNOSTIC TECHNIQUES ACT ULTRASONOGRAPHY • SEX DETERMINATION FROM SEXUAL OFFENCES ACT TERMINATION ACT • MATERNAL MORTALITY • TERMINATION CONDITIONS • MIFEPRISTONE COMMITTEE • SEX DETERMINATION RASONOGRAPHY THE MEDICAL TERMINATION OF PREGNANCY ACT • MATERNAL MORTALITY • TERMINATION CONDITIONS • MIFEPRISTONE MISOPROSTOL • DISTRICT COMMITTTEE • SEX DETERMINATION

# ਗਰਭ ਸਮਾਪਨ
# + ਕਾਨੂੰਨ

# ਗਰਭ ਸਮਾਪਨ+ ਕਾਨੂੰਨ

# ਦਾ ਮੈਡੀਕਲ ਟਰਮੀਨੇਸ਼ਨ ਆਫ ਪ੍ਰੈਗਨੈਂਸੀ ਐਕਟ, 1971 (The Medical Termination of Pregnancy (MTP) Act, 1971) ਕੋਸ਼ਿਸ਼ ਕਰਦਾ ਹੈ।



ਗਰਭ ਸਮਾਪਨ ਨੂੰ ਕਨੂੰਨੀ ਮਾਨਤਾ ਮਿਲਣ ਨਾਲ ਸੁਰੱਖਿਅਤ ਗਰਭ ਸਮਾਪਨ ਹੋਣ ਨਾਲ ਗਰਭਪਾਤ ਕਾਰਨ ਹੋਣ ਵਾਲੀਆਂ ਮਾਤਾਵਾਂ ਦੀ ਉੱਚ ਮੌਤ ਦਰ ਅਤੇ ਇਸ ਸਬੰਧੀ ਹੋਣ ਵਾਲੀਆਂ ਬਿਮਾਰੀਆਂ ਨੂੰ ਘੱਟ ਕਰਦਾ ਹੈ।

ਸੁਰੱਖਿਅਤ ਗਰਭ ਸਮਾਪਨ ਦੀਆਂ ਸੇਵਾਵਾਂ ਤੱਕ ਪਹੁੰਚ ਨੂੰ ਉਤਸ਼ਾਹਿਤ ਕਰਦਾ ਹੈ ਅਤੇ ਮੈਡੀਕਲ ਪ੍ਰੈਕਟਿਸ਼ਨਰਜ਼ ਨੂੰ ਇਸ ਸਬੰਧੀ ਸੁਰੱਖਿਆ ਪ੍ਰਦਾਨ ਕਰਦਾ ਹੈ, ਜਿਨ੍ਹਾਂ ਤੇ ਨਹੀਂ ਤਾਂ ਭਾਰਤੀ ਦੰਡ ਸਹਿੰਤਾ 1860 ਦੀ ਧਾਰਾ 312—316 (Indian Penal Code (1860) (Section 312-316) ਅਧੀਨ ਮੁਕੱਦਮਾ ਚਲਾਇਆ ਜਾ ਸਕਦਾ ਹੈ।

**ਇਹ ਔਰਤਾਂ ਨੂੰ ਗਰਭਸਮਾਪਨ ਦਾ ਕਾਨੂੰਨੀ ਅਧਿਕਾਰ ਨਹੀਂ ਦਿੰਦਾ ਪਰ ਕੁੱਝ ਸ਼ਰਤਾਂ ਦੱਸਦਾ ਹੈ ਜਿਨ੍ਹਾਂ ਦੇ ਅਧੀਨ ਔਰਤਾਂ ਸੁਰੱਖਿਅਤ ਗਰਭਸਮਾਪਨ ਕਰਵਾ ਸਕਦੀਆਂ ਹਨ |**

ਐਮ ਟੀ ਪੀ ਐਕਟ (MTP Act, 1971) ਅਧੀਨ ਗਰਭ ਸਮਾਪਨ ਲਈ ਕੀ ਸ਼ਰਤਾਂ ਹਨ।

ਗਰਭ ਨੂੰ ਜਾਰੀ ਰੱਖਣਾ ਗਰਭਵਤੀ ਮਹਿਲਾ ਦੀ ਜ਼ਿੰਦਗੀ ਲਈ ਜ਼ੋਖਿਮ ਹੈ ਜਾਂ ਇਸ ਨਾਲ ਗੰਭੀਰ ਸ਼ਰੀਰਕ ਸੱਟ ਜਾਂ ਮਾਨਸਿਕ ਸਿਹਤ ਦਾ ਖਤਰਾ ਹੋ ਸਕਦਾ ਹੈ।

ਗਰਭ ਬਲਾਤਕਾਰ ਦੇ ਕਾਰਨ ਹੈ (ਮੰਨਿਆ ਜਾ ਰਿਹਾ ਹੈ ਕਿ ਇਸ ਨਾਲ ਗੰਭੀਰ ਸ਼ਰੀਰਕ ਸੱਟ ਜਾਂ ਮਾਨਸਿਕ ਸਿਹਤ ਦਾ ਖਤਰਾ ਹੋ ਸਕਦਾ ਹੈ)

ਇਸ ਗੱਲ ਦਾ ਕਾਫੀ ਜ਼ੋਖਿਮ ਹੈ ਕਿ ਜੇਕਰ ਇਸ ਬੱਚੇ ਦਾ ਜਨਮ ਹੁੰਦਾ ਹੈ ਤਾਂ ਸ਼ਰੀਰਕ ਜਾਂ ਮਾਨਸਿਕ ਵਿਕਾਰਾਂ ਕਾਰਨ ਗੰਭੀਰ ਅੰਗਹੀਣ ਹੋਵੇਗਾ।

ਵਿਆਹੁਤਾ ਮਹਿਲਾ ਜਾਂ ਉਸਦੇ ਪਤੀ ਦੁਆਰਾ ਵਰਤੇ ਜਾਂਦੇ ਗਰਭ ਨਿਰੋਧਕ ਸਾਧਨਾ ਦੀ ਅਸਫਲਤਾ ਕਾਰਨ ਗਰਭ ਠਹਿਰਿਆ ਹੈ (ਮੰਨਿਆ ਜਾ ਰਿਹਾ ਹੈ ਕਿ ਇਸ ਨਾਲ ਗੰਭੀਰ ਮਾਨਸਿਕ ਸਿਹਤ ਦਾ ਖਤਰਾ ਹੈ)

---

ਗਰਭ ਸਮਾਪਨ ਕਦੋਂ ਤੱਕ ਕੀਤਾ ਜਾ ਸਕਦਾ ਹੈ, ਅਤੇ ਕੌਣ ਕਰ ਸਕਦਾ ਹੈ।

12 ਹਫਤਿਆਂ ਤੱਕ ਇੱਕ ਸੇਵਾ ਪ੍ਰਦਾਤਾ ਦੀ ਪ੍ਰਵਾਨਗੀ ਨਾਲ ਗਰਭ ਸਮਾਪਨ ਕੀਤਾ ਜਾ ਸਕਦਾ ਹੈ।

12 ਤੋਂ 20 ਹਫਤਿਆਂ ਤੱਕ ਦੇ ਗਰਭ ਸਮਾਪਨ ਲਈ 2 ਸੇਵਾ ਪ੍ਰਦਾਤਾਵਾਂ ਦੀ ਪ੍ਰਵਾਨਗੀ ਜਰੂਰੀ ਹੈ।

---

ਗਰਭ ਸਮਾਪਨ ਕਿੱਥੇ ਕੀਤਾ ਜਾ ਸਕਦਾ ਹੈ ?

ਉਸ ਸਮੇਂ ਸਰਕਾਰ ਵਲੋਂ ਮੰਨਜੂਰਸ਼ੁਦਾ ਕਿਸੇ ਵੀ ਸਥਾਨ ਤੇ ਗਰਭ ਸਮਾਪਨ ਕੀਤਾ ਜਾ ਸਕਦਾ ਹੈ।

# ਐਮ ਟੀ ਪੀ ਐਕਟ ਵਿੱਚ ਸੋਧਾਂ

2002

ਭਾਰਤ ਸਰਕਾਰ ਨੇ ਪਹਿਲੀ ਤਿਮਾਹੀ ਦੇ ਮੈਡੀਕਲ ਗਰਭਸਮਾਪਨ ਲਈ ਦੋ ਗੋਲੀਆਂ ਦੀ ਵਰਤੋਂ ਨੂੰ ਮਨਜ਼ੂਰੀ ਦਿੱਤੀ

2003

ਜਗ੍ਹਾ ਦੀ ਮਨਜ਼ੂਰੀ ਲਈ ਤਿੰਨ ਤੋਂ ਪੰਜ ਮੈਂਬਰੀ ਜ਼ਿਲ੍ਹਾ ਪੱਧਰੀ ਕਮੇਟੀ ਜਿਸ ਦੀ ਪ੍ਰਧਾਨਗੀ ਜ਼ਿਲ੍ਹਾ ਸਿਹਤ ਅਫ਼ਸਰ ਕਰੇਗਾ ਨੂੰ ਅਖਤਿਆਰ ਦਿੱਤਾ ਗਿਆ ਤਾਂ ਕਿ ਮਨਜ਼ੂਰੀਆਂ ਵਧ ਸਕਣ ਤੇ ਕਾਨੂੰਨੀ

ਗਰਭਪਾਤ ਤੱਕ ਪਹੁੰਚ ਆਸਾਨ ਹੋ ਸਕੇ ਗਰਭਸਮਾਪਨ ਦੀਆਂ ਗੋਲੀਆਂ ਨੂੰ ਵੀ ਗਰਭਸਮਾਪਨ ਦੇ ਤਰੀਕਿਆਂ ਵਿੱਚ ਸ਼ਾਮਲ ਕੀਤਾ ਗਿਆ ਮਨਜ਼ੂਰ ਜਗਾ ਤੋਂ ਬਾਹਰ ਵੀ ਪ੍ਰਦਾਤਾ ਇਹ ਗੋਲੀਆਂ ਦੇ ਸਕਦੇ ਹਨ ਬਸ਼ਰਤੇ ਕਿ ਓਹਨਾਂ ਕੋਲ ਪ੍ਰਬੰਧ ਕਰਨ ਦੀ ਸੁਵਿਧਾ ਹੋਵੇ

## ਜਿਲ੍ਹਾ ਪੱਧਰੀ ਕਮੇਟੀ ਦੀ ਭੂਮਿਕਾ

ਜਿਹੜੇ ਸੰਸਥਾਨ ਐਮ ਟੀ ਪੀ ਐਕਟ ਅਧੀਨ ਸੇਵਾਵਾਂ ਪ੍ਰਦਾਨ ਕਰਨ ਲਈ ਬੇਨਤੀ ਪੱਤਰ ਦਿੰਦੇ ਹਨ ਉਨ੍ਹਾਂ ਦੀ ਪੜਚੋਲ ਕਰਨ ਵਿੱਚ ਜ਼ਿਲ੍ਹਾ ਪੱਧਰੀ ਕਮੇਟੀ ਦੀ ਅਹਿਮ ਭੂਮਿਕਾ ਹੈ ਕਮੇਟੀ ਨਿਗਰਾਨੀ ਤੋਂ ਬਾਅਦ ਬੇਨਤੀ ਪੱਤਰ ਤੇ ਵਿਚਾਰ ਕਰਦੀ ਹੈ ਤੇ ਸਿਫਾਰਸ਼ ਮੁਤਾਬਕ ਗਰਭਸਮਾਪਨ ਸੇਵਾਵਾਂ ਪ੍ਰਦਾਨ ਕਰਨ ਦੀ ਮਨਜ਼ੂਰੀ ਦਿੰਦੀ ਹੈ

1 The Medical Termination of Pregnancy Rules: Amendment, Government of India, New Delhi, India, 2003
2 Stillman M. et al., "Abortion in India: A Literature Review", Guttmacher Institute, New York, 2014

# ਗਰਭਸਮਾਪਨ ਲਈ ਔਰਤ ਦੀ ਰਜ਼ਾਮੰਦੀ ਜਰੂਰੀ ਹੈ ਉਸਦੇ ਪਤੀ ਦੀ ਮੰਨਜੂਰੀ ਕਾਨੂੰਨਨ ਜ਼ਰੂਰੀ ਨਹੀਂ



## ਜਿਲ੍ਹਾ ਪੱਧਰੀ ਕਮੇਟੀ ਦੀ ਸਰੰਚਨਾ

- **ਚੇਅਰਪਰਸਨ (ਮੁੱਖ ਮੈਡੀਕਲ ਅਫਸਰ / ਜ਼ਿਲ੍ਹਾ ਸਿਹਤ ਅਧਿਕਾਰੀ)**
- **ਗਾਇਨੀਕੋਲੋਜਿਸਟ / ਸਰਜਨ / ਅਨੱਸਥੀਸੀਟਿਸਟ**
- **ਸਥਾਨਕ ਡਾਕਟਰੀ ਪੇਸ਼ੇਵਰ**
- **ਐਨਜੀਓ ਦਾ ਪ੍ਰਤੀਨਿਧ**
- **ਪੰਚਾਇਤੀ ਰਾਜ ਮੈਂਬਰ**

* **ਕਮੇਟੀ ਵਿਚ ਘੱਟੋ ਘੱਟ ਇਕ ਮੈਂਬਰ** ਔਰਤ ਵੀ **ਹੋਣੀ ਚਾਹੀਦੀ ਹੈ**

## ਦਾ ਪ੍ਰੀ ਕੰਸੈਪ੍ਸ਼ਨ ਐਂਡ ਪ੍ਰੀ ਨੈਟਲ ਡਾਇਆਗਨੋਸਟਿਕ ਟੈਕਨੀਕਜ਼ (ਪੀਸੀਪੀਐਨਡੀਟੀ) ਐਕਟ, 1994 (The Pre-Conception and Pre-Natal Diagnostic Techniques (PCPNDT) Act, 1994) ਕੋਸ਼ਿਸ਼ ਕਰਦਾ ਹੈ।

ਜਨਮ ਤੋਂ ਪਹਿਲਾਂ ਡਾਇਆਗਨੋਸਟਿਕ ਤਕਨੀਕਾਂ ਨੂੰ ਨਿਯਮਿਤ ਕਰਦਾ ਹੈ ਅਤੇ ਜਮਾਂਦਰੂ / ਪਾਚਕ ਵਿਕਾਰਾਂ, ਕ੍ਰੋਮੋਸੋਮਲ ਅਸਧਾਰਨਤਾਵਾਂ, ਜਮਾਂਦਰੂ ਖਰਾਬੀਆਂ ਜਾਂ ਸੈਕਸ ਨਾਲ ਜੁੜ੍ਹੇ ਵਿਕਾਰਾਂ ਦੀ ਪਛਾਣ ਕਰਨ ਲਈ ਸੀਮਿਤ ਕਰਦਾ ਹੈ।

XY

ਅਜਿਹੀਆਂ ਤਕਨੀਕਾਂ ਦੀ ਲਿੰਗ ਪਹਿਚਾਣ ਲਈ ਹੋਣ ਵਾਲੀ ਕੁਵਰਤੋਂ ਨੂੰ ਰੋਕਣਾ ਹੈ ਜਿਸ ਦੇ ਨਤੀਜ਼ੇ ਕਾਰਨ ਪਿਛਲੇ ਦੋ ਦਹਾਕਿਆਂ ਦੌਰਾਨ ਜਨਮ ਸਮੇਂ ਬੱਚਿਆਂ ਦਾ ਲਿੰਗ ਅਨੁਪਾਤ ਅਤੇ ਬਾਲ ਲਿੰਗ ਅਨੁਪਾਤ ਘਟਿਆ ਹੈ।

# ਕੀ ਇਹ ਐਕਟ ਕਿਸ ਲਈ ਪ੍ਰਦਾਨ ਕਰਦਾ ਹੈ ?

ਗਰਭ ਧਾਰਨ ਤੋਂ ਪਹਿਲਾਂ ਅਤੇ ਬਾਦ ਵਿੱਚ ਬੱਚੇ ਦੇ ਲਿੰਗ ਦੀ ਪਛਾਣ ਕਰਨਾ।

ਗਰਭ ਧਾਰਨ ਤੋਂ ਪਹਿਲਾਂ ਅਤੇ ਬਾਦ ਵਿੱਚ ਬੱਚੇ ਦੇ ਲਿੰਗ ਦੀ ਪਛਾਣ ਕਰਨ ਲਈ ਅਜਿਹੀਆਂ ਤਕਨੀਕਾਂ ਦੀ ਦੁਰਵਰਤੋਂ ਨੂੰ ਰੋਕਣਾ।

ਇਸ ਐਕਟ ਅਧੀਨ ਗੈਰ ਰਜਿਸਟਰਡ ਵਿਅਕਤੀਆਂ ਨੂੰ ਅਲਟਰਾਸਾਂਊਡ ਮਸ਼ੀਨਾਂ ਵੇਚਣ ਦੀ ਮਨਾਹੀ ਹੈ।

ਬੱਚੇ ਦੇ ਜਨਮ ਤੋਂ ਪਹਿਲਾਂ ਪਛਾਣ ਤੁਕਨੀਕਾਂ ਨੂੰ ਨਿਯਮਿਤ ਕਰਦਾ ਹੈ (ਉਦਾਹਰਣ ਵਜੋਂ ਐਮਨੀਓਸੈਂਟੈਂਸੀਜ਼ ਅਤੇ ਅਲਟਰਾਸੋਨੋਗਰਾਫੀ (Amniocentesis and Ultrasonography) ਜਮਾਂਦਰੂ ਅਸਧਾਰਨਤਾਵਾਂ ਅਤੇ ਵਿਕਾਰਾਂ ਦੀ ਪਛਾਣ ਲਈ ਕਿਸੇ ਰਜਿਸਟਰਡ ਕੁਆਲੀਫਾਇਡ ਵਿਅਕਤੀ ਅਤੇ ਕਿਸੇ ਰਜਿਸਟਰਡ ਸੰਸਥਾ ਦੁਆਰਾ ਵਿਸ਼ੇਸ਼ ਉਦੇਸ਼ ਲਈ ਇਸ ਤਕਨੀਕ ਦੀ ਵਰਤੋਂ ਨੂੰ ਸੀਮਿਤ ਕਰਦਾ ਹੈ।

ਬੱਚੇ ਦੇ ਲਿੰਗ ਦੀ ਪਛਾਣ ਕਰਨ ਲਈ ਤਕਨੀਕਾਂ ਦੀ ਵਰਤੋਂ ਸਬੰਧੀ ਇਸ਼ਿਤਿਹਾਰਬਾਜ਼ੀ ਦੀ ਮਨਾਹੀ ਕਰਦਾ ਹੈ।

ਪੀਸੀਪੀਐਨਡੀਟੀ ਅਤੇ ਐਮਟੀਪੀ ਐਕਟ (PCPNDT and MTP Act) ਦੀ ਉਲੰਘਣਾ ਸਬੰਧੀ ਸਜ਼ਾ ਬਾਰੇ।

## ਗਰਭ ਸਮਾਪਨ ਅਤੇ ਬੱਚੇ ਦੀ ਲਿੰਗ ਚੋਣ ਇਨ੍ਹਾਂ ਦੇ ਆਪਸੀ ਲਿੰਕਜ਼ ਨੂੰ ਸਮਝਣਾ

ਹਾਲਾਂਕਿ ਇਹ ਕਨੂੰਨ ਬੱਚੇ ਦੇ ਲਿੰਗ ਨੂੰ ਨਿਰਧਾਰਿਤ ਕਰਨ ਸਬੰਧੀ ਤਰਨੀਕ ਦੀ ਦੁਰਵਰਤੋਂ ਨੂੰ ਨਿਯਮਿਤ ਕਰਦਾ ਹੈ। ਇਸਦਾ ਅਣਚਾਹਿਆ ਨਤੀਜਾ ਸੁਰੱਖਿਅਤ ਗਰਭ ਸਮਾਪਨ ਸੇਵਾਵਾਂ ਦੀ ਹੋਂਦ ਤੇ ਨਕਾਰਾਤਮਕ ਪ੍ਰਭਾਵ ਪਿਆ ਹੈ। ਇਸ ਗੱਲ ਦੀ ਮਾਨਤਾ ਨੂੰ ਝੰਡੀ ਦੇਣ ਦੀ ਜਰੂਰਤ ਹੈ ਕਿ ਗਰਭ ਧਾਰਨ ਤੋਂ ਪਹਿਲਾਂ ਅਤੇ ਬਾਦ ਵਿੱਚ ਬੱਚੇ ਦੇ ਲਿੰਗ ਦੀ ਪਛਾਣ ਕਰਨਾ ਲਿੰਗ ਅਧਾਰਿਤ ਲਗਾਤਾਰ ਪੱਖਪਾਤ ਹੈ। ਲਿੰਗ ਨਿਆਏ ਅਤੇ ਲਿੰਗਿਕ ਅਤੇ ਪ੍ਰਜਣਨ ਸਿਹਤ ਅਧਿਕਾਰ (Gender Justice and Sexual and Reproductive Health and Rights (SRHR)) ਦੀ ਵਕਾਲਤ ਕਰਨ ਵਾਲਿਆਂ ਲਈ ਇਸ ਸਮੇਂ ਵੱਡੀ ਚੁਣੋਤੀ ਇਹ ਹੈ ਕਿ ਇੱਕ ਪਾਸੇ ਲਿੰਗ ਨਿਰਧਾਰਨ ਦੇ ਖਿਲਾਫ ਬੋਲਣਾ ਹੈ ਅਤੇ ਦੂਜੇ ਪਾਸੇ ਅਣਚਾਹੇ ਗਰਭ ਦੇ ਸੁਰੱਖਿਅਤ ਸਮਾਪਨ ਤੱਕ ਮਹਿਲਾਵਾਂ ਦੀ ਪਹੁੰਚ ਦਾ ਬਚਾਓ ਕਰਨਾ ਹੈ। ਸੁਰੱਖਿਅਤ ਗਰਭ ਸਮਾਪਨ ਤੱਕ ਪਹੁੰਚ ਇੱਕ ਪ੍ਰਜਣਨ ਅਤੇ ਲਿੰਗਿਕ ਅਧਿਕਾਰ ਹੈ ਜ਼ੋਕਿ ਮਹਿਲਾਵਾਂ ਦਾ ਅਪਣੇ ਸ਼ਰੀਰ ਅਤੇ ਜਿੰਦਗੀ ਦੀ ਸੰਭਾਲ ਸਬੰਧੀ ਨਿਰਣੇ ਦੇ ਅਖਤਿਆਰ ਦੀ ਚੋਣ ਹੈ। ਲਿੰਗ ਅਧਾਰਿਤ ਲਿੰਗ ਨਿਰਧਾਰਨ ਭਾਰਤੀ ਪਿੱਤਰ ਸੱਤਾ ਢਾਂਚੇ ਵਾਲੇ ਵਿਤਕਰੇ ਦੀ ਪ੍ਰਥਾ ਦੀ ਪਰਛਾਈ ਹੈ। ਨਾਰੀਵਾਦੀ ਸੰਗਠਨਾਂ ਦੁਆਰਾ ਇਨ੍ਹਾਂ ਦੋਹਾਂ ਕਨੂੰਨਾਂ ਦੀ ਵਕਾਲਤ ਕਰਨ ਦਾ ਸਿਹਰਾ ਲਿਆ ਗਿਆ ਹੈ ਅਤੇ ਇਸ ਵਿਸ਼ੇ ਨਾਲ ਸਬੰਧਿਤ ਸਾਂਝੀਆਂ ਕਦਰਾਂ ਅਤੇ ਮਾਨਸਿਕਤਾ ਦੀ ਪਹਿਚਾਣ ਕਰਨ ਲਈ ਹੋਰ ਇੱਕਸਾਰਤਾ ਬਣਾਉਣ ਦੀ ਵਕਾਲਤ ਕੀਤੀ ਗਈ ਹੈ।

## ਦਾ ਪ੍ਰੋਟੈਕ੍ਸਨ ਆਫ ਚਿਲਡਰਨ ਫਰਾਮ ਸੈਕਸੁਅਲ ਅਫੈਂਸਜ਼ (ਪੋਕਸੋ) ਐਕਟ 2012 (**The Protection of Children from Sexual Offences (POCSO) Act 2012)** ਕੋਸ਼ਿਸ਼ ਕਰਦਾ ਹੈ।

ਬੱਚਿਆਂ ਦੇ ਲਿੰਗਿਕ ਸ਼ੋਸ਼ਣ ਅਤੇ ਲਿੰਗਿਕ ਬਦਸਲੂਕੀ ਨੂੰ ਪ੍ਰਭਾਵਸ਼ਾਲੀ ਤਰੀਕੇ ਨਾਲ ਸੰਬੋਧਨ ਕਰਨਾ। ਇਸ ਵਿੱਚ 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ (ਸਹਿਮਤੀ ਦੀ ਉਮਰ) ਦੀਆਂ ਸਾਰੀਆਂ ਲਿੰਗਿਕ ਗਤੀਵਿਧੀਆਂ ਦੀ ਰਿਪੋਰਟਿੰਗ ਜਰੂਰੀ ਹੈ।ਜੇਕਰ ਕੋਈ ਨਾਬਾਲਿਗ ਗਰਭਵਤੀ ਡਾਕਟਰੀ ਸਲਾਹ ਲਈ ਜਾਂਦੀ ਹੈ ਤਾਂ ਕਨੂੰਨਨ ਉਸ ਡਾਕਟਰ ਦੁਆਰਾ ਅਥਾਰਟੀਜ਼ ਨੂੰ ਰਿਪੋਰਟ ਕਰਨ ਦੀ ਆਸ ਹੈ।

**ਨਾਬਾਲਗ ਦਾ ਗਰਭਸਮਾਪਨ ਕੇਵਲ ਉਸ ਦੇ ਕਨੂੰਨੀ ਸਰਪ੍ਰਸਤ ਦੀ ਸਹਿਮਤੀ ਤੋਂ ਬਾਅਦ ਹੀ ਕੀਤਾ ਜਾ ਸਕਦਾ ਹੈ ਜੇ ਐਮ ਟੀ ਪੀ ਐਕਟ ਦੀਆਂ ਸਾਰੀਆਂ ਸ਼ਰਤਾਂ ਨੂੰ ਪੂਰਾ ਕਰਦਾਹੋਵੇ**



ਨਾਬਾਲਗ ਅਤੇ ਗਰਭਪਾਤ ਹਾਲਾਂਕਿ ਐਮਟੀਪੀ ਨਿਯਮਾਂ ਅਨੁਸਾਰ ਇਹ ਜਰੂਰੀ ਹੈ ਕਿ ਡਾਕਟਰ ਗਰਭਪਾਤ ਦੀ ਸਹੂਲਤ ਲੈਣ ਵਾਲੇ ਦੀ ਪਹਿਚਾਣ ਗੁੱਪਤ ਰੱਖੇਗਾ, ਪਰ ਪੋਕਸੋ ਐਕਟ (POCSO) Act 2012) ਅਧੀਨ ਜੇਕਰ ਨਾਬਾਲਿਗਾ ਗਰਭਪਾਤ ਦੀ ਸਹੂਲਤ ਲਈ ਆਂਦੀ ਹੈ ਤਾਂ ਇਸ ਸਬੰਧੀ ਰਿਪੋਰਟ ਜਰੂਰੀ ਹੈ। ਇਸਦਾ ਹੀ ਨਤੀਜਾ ਹੈ ਕਿ ਨਾਬਾਲਿਗ ਲੜਕੀਆਂ ਨੂੰ ਇਨ੍ਹਾਂ ਗਰਭਪਾਤ ਸੇਵਾਵਾਂ ਲਈ ਗੈਰਨਿਯਮਿਤ ਅਤੇ ਆਖਿਰਕਾਰ ਅਸੁਰੱਖਿਅਤ ਵਿਕੱਲਪ ਵੱਲ ਧੱਕਿਆ ਜਾਂਦਾ ਹੈ ਬਜਾਏ ਕਿ ਸਿੱਖਿਅਕ ਡਾਕਟਰ ਪਾਸ ਜਾਇਆ ਜਾਵੇ।

**ਪੋਕਸੋ ਐਕਟ ਦੀ ਭਾਵਨਾ ਦੇ ਉਲਟ ਇਹ ਨਬਾਲਗ ਨੂੰ ਸੁਰੱਖਿਅਤ ਗਰਭਸਮਾਪਨ ਦੀਆਂ ਸੇਵਾਵਾਂ ਦੇਣ ਵਿਚ ਰੁਕਾਵਟ ਪੈਦਾ ਕਰਦਾ ਹੈ**

THE MEDICAL TERMINATION OF
PREGNANCY ACT • MATERNAL
MORTALITY • TERMINATION
CONDITIONS • MIFEPRISTONE
MISOPROSTOL • DISTRICT
COMMITTEE • SEX DETERMINATION
THE PRE-CONCEPTION PRE-NATAL
DIAGNOSTIC TECHNIQUES ACT
ULTRASONOGRAPHY • SEX
DETERMINATION •SEXUAL ABUSE •
THE PROTECTION OF CHILDREN
FROM SEXUAL OFFENCES
DISTRICT COMMITTEE
TERMINATION OFPREGNANCY
ACT • MATERNAL MORTALITY
TERMINATION CONDITIONS
MIFEPRISTONE COMMITTEE
SEX DETERMINATION
LTRASONOGRAPHY • TERMINATION
MISOPROSTOL • DISTRICT
COMMITTEE • SEX DETERMINATION
THE PRE-CONCEPTION PRE-NATAL
DIAGNOSTIC TECHNIQUES ACT
DETERMINATION •SEXUAL ABUSE

# ਗਰਭ ਸਮਾਪਨ
# + ਧਾਰਨਾਂਵਾਂ

# **ਗਰਭ ਸਮਾਪਨ** + ਕਲਪਨਾਵਾਂ

ਬੇਸ਼ੱਕ ਭਾਰਤ ਵਿੱਚ ਗਰਭ ਸਮਾਪਨ
ਕਨੂੰਨੀ ਹੈ, ਪ੍ਰੰਤੂ ਗਰਭਪਾਤ ਦੀਆਂ
ਸੇਵਾਵਾਂ ਪ੍ਰਾਪਤ ਕਰਨ ਵਿੱਚ ਅਜੇ ਵੀ
ਕਈ ਰੁਕਾਵਟਾਂ ਹਨ। ਪਮੁੱਖ ਰੁਕਾਵਟ
ਗਰਭਪਾਤ ਸਬੰਧੀ ਕਲਪਨਾਵਾਂ ਅਤੇ
ਵਹਿਮ ਭਰਮ ਹੀ ਹਨ।

## ਕਾਨੂੰਨ ਕਾਨੂੰਨ

ਕਲਪਨਾਵਾਂ

**ਗਰਭਸਮਾਪਨ ਗੈਰ ਕਾਨੂੰਨੀ ਹੈ**

ਸਚਾਈ

ਕੋਈ ਵੀ ਔਰਤ 12 ਹਫਤੇ ਤੱਕ ਦੇ ਗਰਭ ਨੂੰ ਇੱਕ ਡਾਕਟਰ ਦੀ ਸਲਾਹ ਨਾਲ, 12- 20 ਹਫ਼ਤੇ ਦੇ ਗਰਭ ਨੂੰ ਦੋ ਡਾਕਟਰਾਂ ਦੀ ਸਲਾਹ ਨਾਲ ਸਮਾਪਤ ਕਰ ਸਕਦੀ ਹੈ ਇਸਦੀ ਮਨਜ਼ੂਰੀ ਐਮ ਟੀ ਪੀ ਐਕਟ ਅਧੀਨ ਸ਼ਰਤਾਂ ਅਨੁਸਾਰ ਦਿੱਤੀ ਜਾਂਦੀ ਹੈ ਜਿਵੇਂ  ਕਿ ਔਰਤ ਦੀ ਜ਼ਿੰਦਗੀ ਨੂੰ ਖਤਰਾ ਉਸਦੀ ਸਰੀਰਕ ਤੇ ਮਾਨਸਿਕ ਸਿਹਤ ਨੂੰ ਖਤਰਾ ਭਰੂਣ ਵਿੱਚ ਨੁਕਸ ਗਰਭ ਨਿਰੋਧਕ ਫੇਲ ਹੋਣਾ ਵਧੇਰੇ ਜਾਣਕਾਰੀ ਲਈ ਗਰਭ ਸਮਾਪਨ ਕਾਨੂੰਨ ਵਾਲਾ ਅਧਿਆਇ ਪੜ੍ਹੋ

ਕਲਪਨਾ

ਸੁਰੱਖਿਅਤ ਗਰਭ ਸਮਾਪਨ ਕਨੂੰਨੀ ਹੈ।

ਸਚਾਈ

**ਕਾਨੂੰਨ ਅਨੁਸਾਰ ਡਾਕਟਰ ਤੇ ਸਥਾਨ ਰਜਿਸਟਰ ਹੋਣੇ ਚਾਹੀਦੇ ਹਨ ਪਰ ਇਕੱਲੀ ਰਜਿਸਟ੍ਰੇਸ਼ਨ ਗਰਭਸਮਾਪਨ ਨੂੰ ਸੁਰੱਖਿਅਤ ਨਹੀਂ ਬਣਾਉਂਦੀ ਗਰਭ ਸਮਾਪਨ ਦੌਰਾਨ ਉੱਚ ਗੁਣਵੱਤਾ ਦਾ ਧਿਆਨ ਰੱਖਣਾ ਚਾਹੀਦਾ ਹੈ**

---

**ਔਰਤ ਨੂੰ ਗਰਭਪਾਤ ਕਰਵਾਉਣ ਲਈ ਆਪਣੇ ਪਤੀ ਦੀ ਸਹਿਮਤੀ ਦੀ ਲੋੜ ਹੈ**

ਇੱਕ ਨਾਬਾਲਿਗਾ (18 ਸਾਲ ਤੋਂ ਘੱਟ) ਅਤੇ ਦਿਮਾਗੀ ਤੋਰ ਤੇ ਕਮਜੋਰ ਮਹਿਲਾ ਦੇ ਗਰਭ ਸਮਾਪਨ ਲਈ ਕਨੂੰਨੀ ਸਰਪ੍ਰਸਤ ਦੀ ਸਹਿਮਤੀ ਦੀ ਜਰੂਰਤ ਹੈ। ਬਾਲਗ ਮਹਿਲਾ (18 ਸਾਲ ਤੋਂ ਵੱਧ) ਨੂੰ ਐਮਟੀਪੀ ਐਕਟ (MTP Act) ਅਨੁਸਾਰ ਗਰਭ ਸਮਾਪਨ ਲਈ ਪਤੀ ਜਾਂ ਪਰਿਵਾਰ ਦੀ ਸਹਿਮਤੀ ਦੀ ਜਰੂਰਤ ਨਹੀਂ ਹੈ। ਇਹ ਫੈਸਲਾ ਅੱਗੇ ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ (2011) ਅਤੇ ਮਾਣਯੋਗ ਸੁਪਰੀਮ ਕੋਰਟ ਵਲੋਂ ਬਰਕਰਾਰ ਰੱਖਿਆ ਗਿਆ ਹੈ।

---



**ਪੰਜਾਬ ਹਰਿਆਣਾ ਹਾਈ ਕੋਰਟ ਤੇ ਸੁਪਰੀਮ ਕੋਰਟ ਦੁਆਰਾ ਵੀ ਇਹ ਕਿਹਾ ਗਿਆ ਹੈ ਜੇ ਔਰਤ ਨੇ ਜਿਨਸੀ ਸੰਬੰਧ ਦੀ ਸਹਿਮਤੀ ਦਿੱਤੀ ਹੈ ਤਾਂ ਇਸ ਦਾ ਇਹ ਮਤਲਬ ਨਹੀਂ ਕਿ ਉਸ ਨੇ ਗਰਭਧਾਰਨ ਦੀ ਵੀ ਸਹਿਮਤੀ ਦਿੱਤੀ ਹੈ ਔਰਤ ਇਕ ਮਸ਼ੀਨ ਨਹੀਂ ਹੈ ਜਿਸ ਵਿਚ ਕੱਚਾ ਮਾਲ ਪਾਇਆ ਜਾਵੇ ਤੇ ਬਣੀ ਹੋਈ ਚੀਜ਼ ਬਾਹਰ ਆਵੇ | ਉਸਦਾ ਮਨ ਬੱਚਾ ਜੰਮਣ ਲਈ ਤਿਆਰ ਵੀ ਹੋਣਾ ਚਾਹੀਦਾ ਹੈ (ਪੰਜਾਬ ਹਰਿਆਣਾ ਹਾਈ ਕੋਰਟ ਦਾ ਫੈਸਲਾ** 2011)

- The Punjab and Haryana High Court verdict, 2011



# ਕਲਪਨਾਵਾਂ: ਮੈਡੀਕਲ

ਕਲਪਨਾ

ਗਰਭ ਸਮਾਪਨ ਖਤਰਨਾਕ ਹੈ ਜਾਂ ਲੰਬਾ ਸਮਾਂ ਸਿਹਤ ਨੂੰ ਪ੍ਰਭਾਵਿਤ ਕਰਦਾ ਹੈ।


---

ਜੇਕਰ ਸਾਰੇ ਗਰਭ ਨਿਰੋਧਕਾਂ ਦਾ ਇਸਤੇਮਾਲ ਕਰਨ ਤਾਂ ਕਿਸੇ ਨੂੰ ਵੀ ਗਰਭਪਾਤ ਦੀ ਜਰੂਰਤ ਨਹੀਂ ਹੈ।

---

**ਐਮਰਜੰਸੀ ਗਰਭ ਨਿਰੋਧਕਾਂ ਗੋਲੀ ਲੈਣਾ ਗਰਭਸਮਾਪਨ ਦੇ ਬਰਾਬਰ ਹੈ**

| M | T | W | T | F | S | S |
|---|---|---|---|---|---|---|
| ○ | ○ | ○ | ○ | ○ | ○ | ○ |
| ○ | ○ | ○ | ○ | ○ | ○ | ○ |
| ○ | ○ | ○ | ○ | ○ | ○ | ○ |
| ○ | ○ | ○ | ○ | ○ | ○ | ○ |



ਸਚਾਈ

**ਗਰਭ ਸਮਾਪਨ ਬਹੁਤ  ਸੁਰੱਖਿਅਤ ਹੈ ਗਰਭ ਸਮਾਪਨ ਤੋਂ ਬਾਅਦ ਭਵਿੱਖ ਵਿੱਚ ਗਰਭ ਠਹਿਰਣ ਤੇ ਕੋਈ ਫ਼ਰਕ ਨਹੀਂ ਪੈਂਦਾ 1% ਤੋਂ ਘੱਟ ਔਰਤਾਂ ਵਿੱਚ ਇਨਫੈਕਸ਼ਨ ਜਾਂ ਵੱਧ ਖ਼ੂਨ ਪੈਣ ਦੀ ਸਮੱਸਿਆ ਹੋ ਸਕਦੀ ਹੈ**

**ਕੋਈ ਵੀ ਗਰਭ ਨਿਰੋਧਕ ਸੌ ਪ੍ਰਤੀਸ਼ਤ ਸਫਲ ਨਹੀਂ ਹੈ ਗਰਭ ਨਿਰੋਧਕ ਫੇਲ ਹੋ ਜਾਂਦੇ ਹਨ ਕਈ ਵਾਰ ਗੋਲੀ ਲੈਣਾ ਭੁੱਲ** ਜਾਂਦੇ ਹਾਂ। ਗਰਭਪਾਤ ਹਮੇਸ਼ਾ ਹੀ ਵਿਆਪਕ ਜਿਣਸੀ ਅਤੇ ਪ੍ਰਜਣਨ ਸਿਹਤ ਸੰਭਾਲ ਦਾ ਜਰੂਰੀ ਹਿੱਸਾ ਰਹੇਗਾ।

ਐਮਰਜੈਂਸੀ ਗਰਭ ਨਿਰੋਧਕ ਗੋਲੀ ਜੋਕਿ ਸਵੇਰ ਬਾਦ ਗੋਲੀ ਜਾਂ 72 ਘੰਟਾ ਗੋਲੀ ਦੇ ਨਾਮ ਨਾਲ ਵੀ ਜਾਣੀ ਜਾਂਦੀ ਹੈ ਗਰਭ ਧਾਰਨ ਨੂੰ ਰੋਕਦੀ ਹੈ, ਇਹ ਗਰਭ ਨੂੰ ਸਮਾਪਤ ਨਹੀਂ ਕਰਦੀ ਹੈ। ਗਰਭਪਾਤ ਪਹਿਲਾਂ ਹੋਏ ਗਰਭਧਾਰਨ ਤੋਂ ਬਾਦ ਹੀ ਕੀਤਾ ਜਾਂਦਾ ਹੈ।

# ਕਲਪਨਾਵਾਂ:**ਸੋਸ਼ਲ**

ਕਲਪਨਾ

**ਨੌਜਵਾਨਾਂ ਨੂੰ ਜਿਨਸੀ ਸੰਬੰਧਾਂ ਤੇ ਗਰਭ ਸਮਾਪਨ ਬਾਰੇ ਜਾਣਕਾਰੀ ਦੇਣ ਨਾਲ ਉਹਨਾਂ ਵਿਚ ਜਿਨਸੀ ਸਬੰਧ ਬਣਾਉਣ ਦੀ ਖਾਹਸ਼ ਵਧ ਜਾਂਦੀ ਹੈ**

ਸਚਾਈ

**ਅਧਿਐਨ ਦੱਸਦੇ ਹਨ ਕਿ ਚੰਗੀਤੇ ਸਮੁੱਚੀ ਜਿਨਸੀ ਸਿਹਤ ਸਿੱਖਿਆ ਗਰਭ ਨਿਰੋਧਕ ਤੇ ਗਰਭਸਮਾਪਨ ਸੰਬੰਧੀ ਜਾਣਕਾਰੀ ਸਮੇਤ ਨੌਜਵਾਨਾਂ ਨੂੰ ਆਪਣੀ ਯੌਨ ਪ੍ਰਜਨਨ ਸਿਹਤ ਬਾਰੇ ਸਹੀ ਫ਼ੈਸਲੇ ਲੈਣ ਦੀ ਤਾਕਤ ਦਿੰਦੀ ਹੈ ਉਨ੍ਹਾਂ ਨੂੰ ਸੁਰੱਖਿਅਤ ਜਿਨਸੀ ਸਬੰਧ ਬਣਾਉਣ ਤੇ ਸਹੀ ਗਰਭ-ਨਿਰੋਧਕ ਚੁਣਨ ਵਿੱਚ ਮੱਦਦ ਕਰਦੀ ਹੈ**

---

**ਭਾਰਤ ਵਿੱਚ ਜ਼ਿਆਦਾਤਰ ਗਰਭ ਸਮਾਪਨ ਲਿੰਗ ਨਿਰਧਾਰਨ ਤੋਂ ਬਾਅਦ ਹੀ ਕਰਵਾਏ ਜਾਂਦੇ ਹਨ**

**ਲਿੰਗ ਨਿਰਧਾਰਣ ਦੂਜੀ ਤਿਮਾਹੀ ਵਿੱਚ ਕੀਤਾ ਜਾਂਦਾ ਹੈ ਜਦ ਕਿ ਜ਼ਿਆਦਾਤਰ ਗਰਭ ਸਮਾਪਨ ਪਹਿਲੀ ਤਿਮਾਹੀ ਵਿਚ ਕੀਤੇ ਜਾਂਦੇਹਨ**

---

**ਜੋ ਔਰਤਾਂ ਗਰਭਸਮਾਪਨ ਕਰਵਾਉਂਦੀਆਂ ਹਨ ਉਹ ਬਾਅਦ ਵਿੱਚ ਪਛਤਾਉਂਦੀਆਂ ਹਨ**

95 ਫਿਸਦੀ ਮਹਿਲਾਵਾਂ ਜਿਨ੍ਹਾਂ ਨੇ ਗਰਭ ਸਮਾਪਨ ਕਰਵਾਇਆ ਹੈ ਮਹਿਸੂਸ ਕਰਦੀਆਂ ਹਨ ਕਿ ਉਨ੍ਹਾਂ ਨੇ ਸਹੀ ਫੈਸਲਾ ਕੀਤਾ ਸੀ। ਗਰਭ ਸਮਾਪਨ ਤੋਂ ਬਾਦ ਮਹਿਲਾਵਾਂ ਨੇ ਕਿਸੇ ਤਰ੍ਹਾਂ ਦੇ ਉੱਚ ਦਰ ਦੇ ਤਣਾਅ ਨੂੰ ਮਹਿਸੂਸ ਨਹੀਂ ਕੀਤਾ ਹੈ, ਇਸਦਾ ਕੋਈ ਵੀ ਵਿਗਿਆਨਕ ਸਬੂਤ ਨਹੀਂ ਹੈ ਕਿ ਗਰਭ ਸਮਾਪਨ ਕਾਰਨ ਬਾਂਝਪਣ ਅਤੇ ਛਾਤੀ ਦਾ ਕੈਂਸਰ ਵੱਧ ਹੋਣ ਦੇ ਮੌਕੇ ਹਨ।

---


References:
1 Say et al., “Global causes of maternal death: a WHO systematic analysis”, Lancet Global Health, 2014
2 “Report on Medical Certification of Cause of Death”, Registrar General of India, 2014

**ਕਲਪਨਾ**

**ਗਰਭਸਮਾਪਨ ਇਕ ਅਣਜੰਮੇ ਬੱਚੇ ਨੂੰ ਮਾਰਦਾ ਹੈ ਇਸ ਲਈ ਇਹ ਠੀਕ ਨਹੀਂ**

**ਸਚਾਈ**

**ਗਰਭ ਦੇ ਸ਼ੁਰੂ ਵਿੱਚ ਇਕ ਭਰੂਣ ਜੇ ਬੱਚੇਦਾਨੀ ਤੋਂ ਬਾਹਰ ਆ ਜਾਏ ਤਾ ਆਪਣੇ ਆਪ ਜਿੰਦਾ ਨਹੀਂ ਰਹਿ ਸਕਦਾ ਸੋ ਮਾਰਨ ਵਰਗਾ ਸ਼ਬਦ ਵਰਤਣਾ ਗ਼ਲਤ ਹੈ ਕਿਉਂਕਿ ਇਹ ਭਰੂਣ ਦੀ ਜ਼ਿੰਦਾ ਵਿਅਕਤੀ ਨਾਲ ਤੁਲਨਾ ਕਰਦਾ ਹੈ**



# ਗਰਭ ਸਮਾਪਨ
# + ਸੇਵਾਵਾਂ

PREGNANT • PUBLIC FACILITIES
SURGERY • HOSPITALS • DOCTORS
PRESCRIPTION MEDICINE • BARRIERS
O BSTETRICIAN-GYNECOLOGISTS
BARRIERS • LAW  PREGNANT PUBLIC
FACILITIES • SURGERY HOSPITALS
• DOCTORS • BARRIERS SURGERY •
HOSPITAL  DOCTORS OBSTETRICIAN-
GYNECOLOGISTS PRESCRIPTION
MEDICINE • LAW
PUBLIC FACILITIES •
LAW PRESCRIPTION MEDICINE
• PREGNANT OBSTETRICIAN-
GYNECOLOGISTS BARRIERS • LAW
SURGERY • PUBLICFACILITIES •
HOSPITALS • DOCTORS BARRIERS •
PRESCRIPTION • LAW MEDICINE •
SURGERY • FACILITIES PREGNANT
• PUBLIC FACILITIES SURGERY •
HOSPITALS • DOCTORS PRESCRIPTION
MEDICINE SURGERY • FACILITIES
PREGNANT • PUBLIC FACILITIES

# ਗਰਭ ਸਮਾਪਨ + ਸੇਵਾਵਾਂ

## ਗਰਭ ਸਮਾਪਨ ਸੇਵਾਵਾਂ 101

### ਕੌਣ

ਇੱਕ ਗਰਭਵਤੀ ਔਰਤ ਜੋ ਸਰੀਰਕ ਜਾਂ ਮਾਨਸਿਕ ਸਿਹਤ ਤੇ ਅਸਰ ਕਰਕੇ, ਬਲਾਤਕਾਰ ਕਰਕੇ ਭਰੂਣ ਵਿੱਚ ਨੁਕਸ ਕਰਕੇ ਜਾਂ ਗਰਭ ਨਿਰੋਧਕ ਫੇਲ ਹੋਣ ਕਰਕੇ ਗਰਭਸਮਾਪਨ ਕਰਵਾਉਣਾ ਚਾਹੁੰਦੀ ਹੈ 18 ਸਾਲ ਤੋਂ ਵੱਧ ਉਮਰ ਦੀਆਂ ਔਰਤਾਂਨੂੰ ਆਪਣੇ ਪਤੀ ਜਾਂ ਘਰ ਵਾਲੇ ਦੀ ਸਹਿਮਤੀ ਦੀ ਲੋੜ ਨਹੀਂ ਹੈ 18 ਸਾਲ ਤੋਂ ਘੱਟ ਉਮਰ ਦੀਆਂ ਲੜਕੀਆਂ ਨੂੰ ਕਨੂੰਨੀ ਸਰਪ੍ਰਸਤ ਦੀ ਸਹਿਮਤੀ ਦੀ ਲੋੜ ਹੈ

### ਕਿਵੇਂ

ਮੈਡੀਕਲ ਅਤੇ ਸਰਜੀਕਲ ਤਰੀਕੇ

ਕਿੱਥੇ ?

ਸਰਟੀਫਾਇਡ ਜਨਤਕ ਸਹੂਲਤਾਂ ਵਾਲੇ ਜਿਵੇਂ ਕਿ ਸਮੁਦਾਇਕ ਸਿਹਤ ਕੇਂਦਰ ਅਤੇ ਜਿਲ੍ਹਾ ਹਸਪਤਾਲ, ਮੁਢਲੇ ਸਿਹਤ ਕੇਂਦਰ ਵਗੈਰਾ ਜਿੱਥੇ ਸਿਖਿੱਅਕ ਸੇਵਾ ਪ੍ਰਦਾਤਾ ਅਤੇ ਸਹਾਇਕ ਬੁਨਿਆਦੀ ਢਾਂਚਾ ਹੋਵੇ। ਸਰਟੀਫਾਇਡ ਸੇਵਾ ਪ੍ਰਦਾਤਾ ਅਤੇ ਉੱਚਿਤ ਸਹੂਲਤਾਂ ਵਾਲੇ ਰਜਿਸਟਰਡ ਨਿੱਜੀ ਸਿਹਤ ਕੇਂਦਰ।

**ਕਦੋਂ**

20 **ਹਫ਼ਤੇ ਦੇ ਗਰਭ ਤੱਕ**

**ਇਕ ਗਰਭਵਤੀ ਔਰਤ** 12 **ਹਫ਼ਤੇ ਤਕ ਇੱਕ ਡਾਕਟਰ ਦੀ ਸਲਾਹ ਨਾਲ ਤੇ** 12 **ਤੋ** 20 **ਹਫ਼ਤੇ ਤੱਕ ਦੋ ਡਾਕਟਰਾਂ ਦੀ ਸਲਾਹ ਨਾਲ ਗਰਭਪਾਤ ਕਰਵਾ ਸਕਦੀ ਹੈ**

# ਗਰਭਸਮਾਪਨ ਕਰਵਾਉਣ ਦੇ ਸੁਰੱਖਿਅਤ ਤਰੀਕੇ

**< 9**

**ਹਫਤੇ ਤੋਂ ਘੱਟ**

## ਮੈਡੀਕਲ ਗਰਭ ਸਮਾਪਨ

ਇੱਕ ਮੈਡੀਕਲ ਗਰਭ ਸਮਾਪਨ ਵਿੱਚ ਗਰਭ ਨੂੰ ਖਤਮ ਕਰਨ ਲਈ ਡਾਕਟਰ ਵਲੋਂ ਦੱਸੀ ਗਈ ਦਵਾਈ ਦੋ ਦਿਨ ਜਾਂ ਵੱਧ ਦਿਨਾਂ ਲਈ ਵਰਤੀ ਜਾਂਦੀ ਹੈ।

**7-15**

**ਹਫਤੇ**

## ਸਰਜੀਕਲ ਗਰਭ ਸਮਾਪਨ

ਇਸ ਵਿੱਚ ਇੱਕ ਦਿਨ ਲੱਗਦਾ ਹੈ। ਗਰਭ ਸਮਾਪਨ ਕਰਵਾਉਣ ਵਾਲੀ ਮਹਿਲਾ ਨੂੰ ਪਹਿਲਾਂ ਸਥਾਨਕ ਜਾਂ ਸਧਾਰਨ ਬੇਹੋਸ਼ੀ ਦੀ ਦਵਾਈ ਦਿੱਤੀ ਜਾਂਦੀ ਹੈ। ਇਸ ਤੋਂ ਬਾਦ ਵੈਕਿਉਮ ਐਸਪੀਰੇ਼ਸਨ ਜਾਂ ਸੱਕਸ਼ਨ ਵਿਧੀ (Vacuum Aspiration or the Suction Method) ਵਿਧੀ ਅਪਣਾਈ ਜਾਂਦੀ ਹੈ, ਜਿਸ ਵਿੱਚ ਸੱਕਸ਼ਨ (Suction) ਸਾਧਨ ਬੱਚੇਦਾਨੀ ਨੂੰ ਖਾਲੀ ਕਰਦੇ ਹਨ। ਇਹ ਤਰੀਕਾ ਦੂਜੇ ਸਰਜੀਕਲ (Surgical) ਤਰੀਕਿਆਂ ਨਾਲੋਂ ਵੱਧ ਸੁਰੱਖਿਅਤ ਹੈ।

**>15**

**ਪੰਦਰਾਂ ਹਫਤੇ ਤੋਂ ਵੱਧ**

ਜੇਕਰ ਗਰਭ 15 ਹਫਤਿਆਂ ਤੋਂ ਵੱਧ ਹੈ ਤਾਂ ਪਸਾਰ ਅਤੇ ਨਿਕਾਸੀ (Dilation and Evacuation) ਕਰਨਾ ਪੈਂਦਾ ਹੈ। ਇਸ ਕਾਰਵਾਈ ਲਈ ਡਾਕਟਰ ਬੱਚੇਦਾਨੀ ਅੰਦਰ ਸਿੰਥੈਟਿਕ ਡਿਲੇਟਰ (Synthetic Dilation) ਰੱਖਦਾ ਹੈ ਅਤੇ ਭਰੂਣ ਦੇ ਕਣਾਂ ਨੂੰ ਬਾਹਰ ਕੱਢਦਾ ਹੈ।

ਕਲਪਨਾ : ਗਰਭ ਸਮਾਪਨ ਬਾਂਝਪਣ ਅਤੇ ਛਾਤੀ ਦੇ ਕੈਂਸਰ ਦਾ ਕਾਰਨ ਬਣਦਾ ਹੈ।

ਸੱਚਾਈ : ਇਸਦਾ ਕੋਈ ਵੀ ਸਬੂਤ ਨਹੀਂ ਹੈ ਕਿ ਇਨ੍ਹਾਂ ਦਾ ਗਰਭ ਸਮਾਪਨ ਨਾਲ ਸਬੰਧ ਹੈ।

---


**ਭਰਮ** **ਗਰਭਸਮਾਪਨ ਕਰਕੇ ਔਰਤਾਂ ਵਿੱਚ ਭਾਵਨਾਤਮਕ ਤਬਦੀਲੀ ਆਉਂਦੀ ਹੈ**

**ਸਚਾਈ** **ਜਿਹੜੀਆਂ ਔਰਤਾਂ ਨੇ ਸੋਚ ਸਮਝ ਕੇ ਫ਼ੈਸਲਾ ਕੀਤਾ ਹੈ ਉਹਨਾਂ ਨੂੰ ਕੋਈ ਮਾਨਸਿਕ ਤਕਲੀਫ ਨਹੀਂ ਹੁੰਦੀ**

---

**ਭਰਮ** **ਮੈਡੀਕਲ ਗਰਭਸਮਾਪਨ ਵਿਚ ਕਾਫੀ ਦਰਦ ਹੁੰਦਾ ਹੈ**

**ਸਚਾਈ** **ਗਰਭਸਮਾਪਨ ਦੌਰਾਨ ਖ਼ੂਨ ਪੈਣਾ ਤੇ ਪੱਠਿਆਂ ਦੀ ਖਿੱਚ ਦੀਆਂ ਮਾਮੂਲੀ ਤਕਲੀਫਾਂ ਹੁੰਦੀਆਂ ਹਨ ਜੋ ਦਵਾਈ ਖਾ ਕੇ ਠੀਕ ਹੋ ਜਾਂਦੀਆਂ ਹਨ**


ਕਾਨੂੰਨੀ ਤੇ ਮੈਡੀਕਲ ਸ਼ਰਤਾਂ
ਮੁਤਾਬਕ ਗਰਭ ਸਮਾਪਨ
ਭਾਰਤ ਵਿੱਚ ਇਕ ਆਮ ਅਤੇ
ਸੁਰੱਖਿਅਤ ਵਿਧੀ ਹੈ ਇਸ
ਨੂੰ ਪੇਸ਼ੇਵਰ ਨਿਗਰਾਨੀ ਵਿਚ
ਕਰਵਾਉਣਾ ਜ਼ਰੂਰੀ ਹੈ

# ਗਰਭਸਮਾਪਨ ਦੇ ਪ੍ਰਬੰਧ

ਸਿਰਫ ਮਹਿਲਾ ਰੋਗ ਮਾਹਿਰ ਡਾਕਟਰ ਅਤੇ ਦੂਜੇ ਐਲੋਪੈਥਿਕ ਡਾਕਟਰ (Obstetrician- Gynecologists and Other Allopathic Physicians) ਜਿਨ੍ਹਾਂ ਨੇ ਬੈਚੁਲਰ ਆਫ ਮੈਡੀਸਾਇਨ ਜਾਂ ਸਰਜਰੀ ਦੀ ਡਿਗਰੀ (Bachelor of Medicine/ Bachelor of Surgery Degree) ਕੀਤੀ ਹੈ, ਸਰਕਾਰੀ ਮੰਨਜੂਰਸ਼ੁਦਾ ਸਿਖਲਾਈ ਲਈ ਹੈ ਅਤੇ ਇਸਦਾ ਸਰਟੀਫਿਕੇਟ ਹੈ ਕਨੂੰਨੀ ਤੋਰ ਤੇ ਗਰਭਪਾਤ ਕਰ ਸਕਦੇ ਹਨ।

## ਸਰਕਾਰੀ ਖੇਤਰ

**ਸਾਰੇ ਸਰਕਾਰੀ ਸੰਸਥਾਨਾਂ ਵਿੱਚ ਮਨਜ਼ੂਰਸ਼ੁਦਾ ਸੇਵਾ ਪ੍ਰਦਾਤਾ ਹੁੰਦੇ ਹਨ**

## ਨਿੱਜੀ ਖੇਤਰ

**ਸਰਕਾਰ ਦੁਆਰਾ ਨਿਰਧਾਰਤ ਢਾਂਚਾਗਤ ਅਤੇ ਮਾਨਵ ਸੰਸਾਧਨ ਰੱਖਣ ਵਾਲੇ ਰਜਿਸਟਰਡ ਸਥਾਨ ਗਰਭ ਸਮਾਪਨ ਦੀ ਸੇਵਾ ਦੇ ਸਕਦੇ ਹਨ**

## ਦਾ ਮੈਡੀਕਲ ਟਰਮੀਨੇਸ਼ਨ ਆਫ ਪ੍ਰੈਗਨੈਂਸੀ ਐਕਟ, 1971

(The Medical Termination of Pregnancy (MTP) Act, 1971)

**ਐਕਟ ਅਨੁਸਾਰ ਗਰਭ ਸਮਾਪਨ ਦੀ ਮਨਜ਼ੂਰੀ ਔਰਤ ਦੀ ਜ਼ਿੰਦਗੀ ਬਚਾਉਣ ਲਈ ਉਸ ਦੀ ਸਰੀਰਕ ਤੇ ਮਾਨਸਕ ਸਿਹਤ ਬਚਾਉਣ ਲਈ ਬਲਾਤਕਾਰ ਤੋਂ ਬਾਅਦ ਭਰੂਣ ਵਿਚ ਨੁਕਸ ਲਈ ਜਾਂ ਗਰਭ ਨਿਰੋਧਕ ਫੇਲ੍ਹ ਹੋਣ ਦੀ ਸੂਰਤ ਵਿੱਚ ਕੀਤੀ ਜਾਂਦੀ ਹੈ**

ਸੁਰੱਖਿਅਤ ਗਰਭ ਸਮਾਪਨ ਸੇਵਾਵਾਂ ਵਿੱਚ ਵਾਧਾ ਕਰਦਿਆਂ ਭਾਰਤ ਸਰਕਾਰ ਨੇ ਗਰਭਪਾਤ ਨੂੰ ਸਰਲ ਬਣਾਉਣ ਲਈ ਦੋ ਮੈਡੀਕਲ ਗਰਭਪਾਤ ਦਵਾਈਆਂ (**Mifepristone' coupled with 'Misoprostol)** ਦੀ ਵਰਤੋਂ ਨੂੰ ਮੰਨਜੂਰੀ ਦਿੱਤੀ ਗਈ ਹੈ।

ਐਮਟੀਪੀ ਐਕਟ (MTP Act), 1971 ਵਿੱਚ 2003 ਦੀ ਸੋਧ ਸਰਟੀਫਾਇਡ ਸੇਵਾ ਪ੍ਰਦਾਤਾਵਾਂ ਨੂੰ ਇਸ ਯੋਗ ਬਣਾਂਉਦਾ ਹੈ ਕਿ ਕਿਸੇ ਰਜਿਸਟਰਡ ਸਹੂਲਤ ਕੇਂਦਰ ਦੇ ਬਾਹਰ ਜਿੱਥੇ ਐਮਰਜੈਂਸੀ ਨਾਲ ਨਜਿੱਠਣ ਲਈ ਪ੍ਰਬੰਧ ਹਨ ਇਹ ਗਰਭਪਾਤ ਦੀਆਂ ਦਵਾਈਆਂ ਦਿੱਤੀਆਂ ਜਾ ਸਕਦੀਆਂ ਹਨ।

2010 ਵਿੱਚ ਜਾਰੀ ਰ਼ਾਸਟਰੀ ਵਿਆਪਕ ਗਰਭਪਾਤ ਦੇਖਭਾਲ ਦਿਸ਼ਾ ਨਿਰਦੇਸ਼ ਇਹ ਸੰਕੇਤ ਦਿੰਦੇ ਹਨ ਕਿ ਮੈਡੀਕਲ ਗਰਭਪਾਤ ਦਵਾਈਆਂ (Mifepristone and Misoprostol) ਨਾਲ ਗਰਭ ਦੇ ਸੰਕੇਤਾਂ ਦੇ 63 ਦਿਨਾਂ ਤੱਕ ਗਰਭਪਾਤ ਕੀਤਾ ਜਾ ਸਕਦਾ ਹੈ। ਇਹ ਬਦਲਾਓ ਅਜੇ ਐਮਟੀਪੀ ਐਕਟ (MTP Act), 1971) ਵਿੱਚ ਸਾਫ ਝਲਕਣੀ ਹੈ।

---

1 Creanga, Andreea A., et al., edited by Ganesh Dangal, ÒChanges in Abortion Service Provision in Bihar and Jharkhand States,India between 2004 and 2013Ó, PLoS ONE 13.6, 2018

2 The Medical Termination of Pregnancy Act 1971 (Act No. 34 of 1971), Government of India, 1971

3 The Medical Termination of Pregnancy Rules: Amendment, Ministry of Health and Family Welfare, Government of India, New Delhi, India, 2003

4 Stillman M. et al. ÒAbortion in India: A Literature ReviewÓ, Guttmacher Institute, New York, 2014

5 The Medical Termination of Pregnancy Rules: Amendment, Ministry of Health and Family Welfare, Government of India, New Delhi, India, 2003

6 Acharya R. and Kalyanwala S., ÒKnowledge, attitudes, and practices of certified providers of medical abortion: Evidence fromBihar and Maharashtra, IndiaÓ, International Journal of Gynaecology & Obstetrics. 118 Suppl., 1: S40–6, Wiley, September 2012

ਗਰਭਪਾਤ ਦੇ ਵਿਸ਼ੇ ਨਾਲ ਜੁੜੇ ਕਲੰਕ ਕਾਰਨ ਗਰਭ ਸਮਾਪਨ ਸਬੰਧੀ ਵਿਚਾਰ ਵਟਾਂਦਰਾ ਕਰਨ ਲਈ ਸਮਾਜਿਕ ਅਤੇ ਰਾਜਨੀਤਿਕ ਇੱਛਾ ਦੀ ਘਾਟ ਹੈ।

**ਪਹੁੰਚ ਦੀ ਅਣਹੋਂਦ ਖਾਸ ਕਰਕੇ ਪੇਂਡੂ ਖੇਤਰ ਵਿੱਚ**

ਭਾਰਤ ਵਿੱਚ ਸੁਰੱਖਿਅਤ ਗਰਭ ਸਮਾਪਨ ਸਬੰਧੀ ਰੁਕਾਵਟਾਂ।

**ਕਾਨੂੰਨੀ ਜਾਣਕਾਰੀ ਦੀ ਕਮੀ**

**ਭਾਰਤ ਸਰਕਾਰ ਦੇ ਅੰਕੜਿਆਂ ਅਨੁਸਾਰ ਐਮਟੀਪੀ ਐਕਟ ਅਧੀਨ ਸਾਲ ਵਿੱਚ ਸਿਰਫ** 10 **ਲੱਖ ਗਰਭ ਸਮਾਪਨ ਹੁੰਦੇ ਹਨ ਜਦੋਂ ਕਿ ਇਸ ਤੋਂ ਬਾਹਰ ਹੋਣ ਵਾਲੇ ਗਰਭ ਸਮਾਪਨ ਦੀ ਗਿਣਤੀ** 20- 60 **ਲੱਖ ਹੈ**

7 The Medical Termination of Pregnancy Rules: Amendment, Ministry of Health and Family Welfare, Government of India, New Delhi, India, 2003

TWITTER • INSTAGRAM • CAPACITY
FACEBOOK • PURPOSE • AUDIENCE
INFLUENCERS • CONTENT • RESOURCES
CAPACITY • CAMPAIGNS • DATA
ENDORSEMENT • NARRATIVE • SHARE
GLOBAL • ENGAGEMENT • TWITTER
INSTAGRAM • FACEBOOK • PURPOSE
AUDIENCE • CONTENT • INFLUENCERS
DATA • CAMPAIGNS • RESOURCES
INFLUENCERS • ENGAGEMENT •
NARRATIVE • CAPACITY •

# ਗਰਭ ਸਮਾਪਨ + ਸੋਸ਼ਲ ਮੀਡੀਆ

GLOBAL • RESOURCES •
FACEBOOK • SHARE • PURPOSE
AUDIENCE • CONTENT • INFLUENCERS
DATA • CAMPAIGNS • RESOURCES
ENDORSEMENT • ENGAGEMENT
GLOBAL • CAPACITY • TWITTER
FACEBOOK • CAMPAIGNS • SHARE
TWITTER • INSTAGRAM • CAPACITY
FACEBOOK • PURPOSE • AUDIENCE
INFLUENCERS • CONTENT • RESOURCES
CAPACITY • CAMPAIGNS • DATA
ENDORSEMENT • NARRATIVE • SHARE

# ਗਰਭ ਸਮਾਪਨ + ਸੋਸ਼ਲ ਮੀਡੀਆ

# ਸੋਸ਼ਲ ਮੀਡੀਆ ਚੈਨਲਜ਼

ਹਾਜਰੀਨ ਲੋਕਾਂ ਤੱਕ ਪਹੁੰਚ ਬਣਾਉਣ, ਗੱਲਬਾਤ ਕਰਨ ਅਤੇ ਮੁੱਦਿਆਂ ਸਬੰਧੀ ਦਿੱਖ ਵਧਾਉਣ ਦਾ ਰਸਤਾ।




ਪ੍ਰਭਾਵਸ਼ਾਲੀ ਵਿਅਕਤੀਆਂ ਅਤੇ ਮਸ਼ਹੂਰ ਹਸਤੀਆਂ ਨਾਲ ਜੁੜਨ ਅਤੇ ਤੇ ਜ਼ੀ ਨਾਲ ਰਿਪੋਰਟਾਂ ਅਤੇ ਖੋਜ ਖਬਰਾਂ, ਘਟਨਾਵਾਂ ਬਾਰੇ ਸੰਖੇਪ ਰਾਏ ਸਾਂਝੀ ਕਰਨ ਲਈ ਲਾਭਦਾਇਕ।

# ਸੋਸ਼ਲ ਮੀਡੀਆ ਨੂੰ ਤਾਂ ਹੀ ਵਰਤੋ ਜੇਕਰ

1. ਇਹ ਤੁਹਾਡੇ ਉਦੇਸ਼ ਦੀ ਪੂਰਤੀ ਕਰਦਾ ਹੈ। ਇਸ ਲਈ ਨਹੀਂ ਕਿ ਹਰ ਕੋਈ ਵਰਤ ਰਿਹਾ ਹੈ। ਇਹ ਸੋਚੋ ਕਿ ਸੋਸ਼ਲ ਮੀਡੀਆ ਦੀ ਵਰਤੋ ਨਾਲ ਤੁਸੀਂ ਕੀ ਪ੍ਰਾਪਤ ਕਰਨਾ ਚਾਹੁੰਦੇ ਹੋ ਅਤੇ ਯੋਜਨਾ ਬਣਾਓ।

2. ਤੁਹਾਡੀ ਹਾਜਰੀਨ ਤੁਹਾਡੀ ਪਸੰਦ ਦੇ ਸੋਸ਼ਲ ਮੀਡੀਆ ਚੈਨਲਜ਼ ਦੀ ਵਰਤੋ ਕਰ ਰਹੇ ਹਨ। ਉਦਾਹਰਣ ਦੇ ਤੌਰ ਤੇ ਜੇ ਕਰ ਤੁਸੀਂ ਸੁਰੱਖਿਅਤ ਗਰਭ ਸਮਾਪਨ ਸਬੰਧੀ ਜਾਗਰੁਕਤਾ ਫੈਲਾਉਣਾ ਚਾਹੁੰਦੇ ਹੋ ਅਤੇ ਤੁਹਾਡਾ ਫੇਸਬੁਕ ਪੇਜ਼ ਹੈ ਤਾਂ ਇਹ ਵਧੀਆ ਹੈ ਕਿਉਂਕਿ ਫੇਸਬੁੱਕ ਦੁਆਰਾ ਆਮ ਲੋਕਾਂ ਤੱਕ ਪਹੁੰਚਿਆ ਜਾ ਸਕਦਾ ਹੈ। ਪਰੰਤੂ ਜੇਕਰ ਤੁਸੀਂ ਅਪਣੇ ਸਥਾਨਕ ਸਰਕਾਰ ਦੇ ਅਧਿਕਾਰੀਆਂ ਨਾਲ ਸੁਰੱਖਿਅਤ ਗਰਭ ਸਮਾਪਨ ਦੀ ਪਹੁੰਚ ਦੇ ਮਹੱਤਵ ਬਾਰੇ ਵਕਾਲਤ ਕਰਨਾ ਚਾਹੁੰਦੇ ਹੋ ਤਾਂ ਆਹਮਣੇ ਸਾਹਮਣੇ ਮੀਟਿੰਗ ਕਰਨਾ ਜਿਆਦਾ ਪ੍ਰਭਾਵਸ਼ਾਲੀ ਰਹੇਗੀ।

3. ਸੋਸ਼ਲ ਮੀਡੀਆ ਤੇ ਲਗਾਤਾਰ ਪੋਸਟਿੰਗ ਕਰਨ ਲਈ ਤੁਹਾਡੇ ਪਾਸ ਸਰੋਤ ਹਨ ਅਤੇ ਸਮੱਰਥਾ ਹੈ। ਛੋਟੀਆਂ ਮੋਟੀਆਂ ਪੋਸਟਾਂ ਮੁੱਦੇ ਦੀ ਮੱਦਦ ਨਹੀਂ ਕਰਦੀਆਂ ਹਨ। ਬਹੁਤੇ ਸੋਸ਼ਲ ਮੀਡੀਆ ਚੈਨਲਜ਼ ਨੂੰ ਵਰਤਣ ਦੀ ਥਾਂ ਇੱਕ ਹੀ ਪ੍ਰਭਾਵ੍ਸਾਲੀ ਚੈਨਲ ਵਰਤੋ ਅਤੇ ਆਪਣੇ ਆਪ ਨੂੰ ਹਲਕਾ ਨਾਂ ਪੈਣ ਦੇਵੋ।

**ਮੁਹਿੰਮ ਚਲਾਓ**

**ਪੋਸਟ ਸਾਂਝੀ ਕਰੋ**


ਪ੍ਰਭਾਵਸ਼ਾਲੀ ਅਤੇ ਮਸ਼ਹੂਰ ਹਸਤੀਆਂ ਦਾ ਸਮੱਰਥਨ ਵਰਤੋ

## ਸੋਸ਼ਲ ਮੀਡੀਆ ਤੇ ਤੁਸੀਂ ਕੀ ਕਰ ਸਕਦੇ ਹੋ

**ਅੰਕੜਿਆਂ ਨੂੰ ਸਹੀ ਢੰਗ ਨਾਲ ਪੇਸ਼ ਕਰੋ**

**ਦੁਨੀਆ ਵਿਚ ਹੋ ਰਹੀਆਂ ਘਟਨਾਵਾਂ ਬਾਰੇ ਦੱਸੋ**

**ਨਿੱਜੀ ਤਜ਼ਰਬਿਆਂ ਨੂੰ ਸਾਂਝਾ ਕਰੋ**




## ਮੁਹਿੰਮ ਚਲਾਓ

**ਆਨਲਾਈਨ ਮੁਹਿੰਮ ਬਹੁਤ ਸਾਰੇ ਲੋਕਾਂ ਤੱਕ ਪਹੁੰਚਣ ਦਾ ਇਕ ਸਸਤਾ ਤੇ ਅਸਾਨ ਤਰੀਕਾ ਹੈ ਉਹਨਾਂ ਨਾਲ ਯੌਨ ਪ੍ਰਜਨਨ ਅਧਿਕਾਰ ਸੁਰੱਖਿਅਤ ਗਰਭ ਸਮਾਪਨ ਬਾਰੇ ਗੱਲ ਕਰੋ ਕਲੰਕ ਨੂੰ ਛੱਡੋ ਮੁਹਿੰਮ ਵਿਚ ਭਰਮਾਂ ਨੂੰ ਦੂਰ ਕੀਤਾ ਗਿਆ ਤੇ ਗਰਭ ਸਮਾਪਨ ਸਬੰਧੀ ਤੇ ਯੌਨਿਕਤਾ, ਗਰਭ ਤੇ ਅਧਿਕਾਰਦੇ ਸੰਬੰਧ ਵਿੱਚ ਜਾਣਕਾਰੀ ਵਧਾਈ ਗਈ**

CREA ਦੀ ਡਿਜਿਟਲ ਮੁਹਿੰਮ ਸਬੰਧੀ ਜਾਣਕਾਰੀ http://www.creaworld.org/abortthestigma ਵੈਬਸਾਇਟ ਤੇ ਮਿਲਦੀ ਹੈ।

## ਪ੍ਰਭਾਵਕਾਰੀ ਅਤੇ ਮਸ਼ਹੂਰ ਹਸਤੀਆਂ ਦੇ ਸਮਰਥਨ ਦੀ ਵਰਤੋਂ

**ਪ੍ਰਭਾਵਕ ਅਜਿਹੇ ਵਿਅਕਤੀ ਹੁੰਦੇ ਹਨ ਜਿਨ੍ਹਾਂ ਦਾ ਸਮਾਜ ਤੇ ਅਸਰ ਹੁੰਦਾ ਹੈ ਤੁਹਾਡੀ ਮੁਹਿੰਮ ਵਿਚ ਹਿਸਾ ਲੈ ਕੇ ਉਹ ਇਸਨੂੰ ਅਸਰਦਾਰ ਬਣਾਉਂਦੇ ਹਨ ਉਨ੍ਹਾਂ ਤੱਕ ਪਹੁੰਚ ਕਰੋ ਜੇ ਉਹ ਮੰਨ ਜਾਂਦੇ ਹਨ ਤਾਂ ਇਹ ਤੁਹਾਡੀ ਮੁਹਿੰਮ ਨੂੰ ਸਫਲ  ਬਣਾਏਗਾ**



ਸੋਸ਼ਲ ਮੀਡੀਆ ਨੂੰ
ਤਾਂ ਹੀ ਵਰਤੋ ਜੇਕਰ
ਇਹ ਤੁਹਾਡੇ ਉਦੇਸ਼
ਦੀ ਪੂਰਤੀ ਕਰਦਾ
ਹੈ। ਇਸ ਲਈ
ਨਹੀਂ ਕਿ ਹਰ ਕੋਈ
ਵਰਤ ਰਿਹਾ ਹੈ।
ਇਹ ਸੋਚੋ ਕਿ
ਸੋਸ਼ਲ ਮੀਡੀਆ ਦੀ
ਵਰਤੋ ਨਾਲ ਤੁਸੀਂ
ਕੀ ਪ੍ਰਾਪਤ ਕਰਨਾ
ਚਾਹੁੰਦੇ ਹੋ ਅਤੇ
ਯੋਜਨਾ ਬਣਾਓ।

## ਅੰਕੜਿਆਂ ਦੀ ਰਚਨਾਤਮਕ ਪੇਸ਼ਕਾਰੀ

**ਅੰਕੜੇ ਜ਼ਿਆਦਾਤਰ ਬੋਰ ਕਰਦੇ ਹਨ ਜੇ ਤੁਸੀਂ ਉਨ੍ਹਾਂ ਨੂੰ ਰਚਨਾਤਮਕ ਤਰੀਕੇ ਨਾਲ ਪੇਸ਼ ਕਰੋ ਤਾਂ ਦੁਨੀਆਂ ਭਰ ਵਿੱਚ ਅਲੱਗ-ਅਲੱਗ ਦਰਸ਼ਕਾਂ ਤਕ ਪਹੁੰਚ ਸਕਦੇ ਹੋ ਅੰਕੜੇ ਪੈਦਾ ਕਰਨਾ ਤੁਹਾਡਾ ਕੰਮ ਨਹੀਂ ਹੈ ਵਿਸ਼ਵਾਸਯੋਗ ਸੂਤਰਾਂ ਤੋਂ ਪ੍ਰਾਪਤ ਅੰਕੜਿਆਂ ਦੀ ਹੀ ਵਰਤੋਂ ਕਰੋ**




## ਸੰਖੇਪ ਨਿੱਜੀ ਜਾਣਕਾਰੀ ਸਾਂਝੀ ਕਰੋ

ਲੋਕਾਂ ਨੂੰ ਪ੍ਰੇਰਿਤ ਕਰਨ ਅਤੇ ਅਪਣੇ ਨਾਲ ਜੋੜ੍ਹਣ ਲਈ ਸਹਿਮਤੀ ਨਾਲ ਨਿੱਜੀ ਕਹਾਣੀਆਂ ਸਾਂਝੀਆਂ ਕਰੋ।




## ਸਾਂਝਾ/ ਮੁੜ੍ਹ ਪੋਸਟ

ਤੁਸੀਂ ਇੱਕਜੁਟਤਾ ਵਿਖਾਉਣ ਲਈ ਅਪਣੇ ਵਿਚਾਰਾਂ ਨਾਲ ਨੀਤੀਆਂ ਦੇ ਵਿਕਾਸ ਸਬੰਧੀ ਅਤੇ ਲੇਖਾਂ ਦੇ ਲਿੰਕ ਸਾਂਝੇ ਕਰ ਸਕਦੇ ਹੋ। ਇਸ ਸਬੰਧੀ ਕਈ ਮੁੱਖ ਵੱਡੇ ਸੰਗਠਨ ਕੰਮ ਕਰ ਰਹੇ ਹਨ ਜਿਨ੍ਹਾਂ ਦੀਆਂ ਸੋਸ਼ਲ ਮੀਡੀਆ ਟੀਮਾਂ ਹਨ। ਅਪਣੇ ਹਿੱਸੇਦਾਰਾਂ ਨੂੰ ਯਕੀਨ ਦਿਵਾਉਣ ਅਤੇ ਜਾਣਕਾਰੀ ਫੈਲਾਉਣ ਲਈ ਉਨ੍ਹਾਂ ਦੀਆਂ ਪੋਸਟਾਂ ਵਰਤੋ।




ਸੈਲੀਵਰੇਟ ਕੀਅ
**(CELEBRATE KEY)**

ਗਲੋਵਲ ਆਬਜ਼ਰਵੈਂਸਜ਼
**(GLOBAL OBSERVANCES)**

ਸਬੰਧਿਤ ਮੁੱਦਿਆਂ ਅਤੇ ਵਿਸ਼ਿਆਂ ਨਾਲ ਜੁੜ੍ਹੇ ਅਤੇ ਮਨਾਏ ਜਾਣ ਵਾਲੇ ਵਿਸ਼ੇਸ ਦਿਨਾਂ ਦੀ ਸੂਚੀ ਬਣਾਉ। ਇਸ ਸਬੰਧੀ ਪੋਸਟਾਂ ਤਿਆਰ ਕਰੋ, ਅਪਣੇ ਸੰਗਠਨ ਵਿੱਚ ਸਭ ਨਾਲ ਪੋਸਟਾਂ ਸਾਂਝੀਆਂ ਕਰੋ ਤਾਂ ਜੋ ਦੂਜੇ ਲੋਕ ਵੀ ਅਪਣੇ ਸੋਸ਼ਲ ਮੀਡੀਆ ਪ੍ਰੋਫਾਇਲ ਤੇ ਇਹ ਪੋਸਟਾਂ ਸਾਂਝੀਆਂ ਕਰ ਸਕਣ।

## 8 ਮਾਰਚ

ਅੰਤਰਰਾਸ਼ਟਰੀ ਮਹਿਲਾ ਦਿਵਸ
(INTERNATIONAL WOMEN DAY)

## 17 ਮਈ

ਅੰਤਰਰਾਸ਼ਟਰੀ ਹੋਮੀਫੋਬੀਆ, ਬੀਫੋਬੀਆ ਅਤੇ ਟਰਾਂਸ ਫੋਬੀਆ ਵਿਰੋਧੀ ਦਿਵਸ
(INTERNATIONAL DAY AGAINST HOMOPHOBIA, BIPHOBIA & TRANSPHOBIA)

## 28 ਮਈ

ਮਹਿਲਾਵਾਂ ਦੀ ਸਿਹਤ ਸਬੰਧੀ ਕਾਰਵਾਈ ਲਈ ਅੰਤਰਰਾਸ਼ਟਰੀ ਦਿਵਸ
(INTERNATIONAL DAY FOR ACTION FOR WOMEN'S HEALTH)

## 2 ਜੂਨ

ਅੰਤਰਰਾਸ਼ਟਰੀ ਯੌਨ ਕਰਮੀ ਦਿਵਸ
(INTERNATIONAL SEX WORKER DAY)

## 28 ਸਤੰਬਰ

ਅੰਤਰਰਾਸ਼ਟਰੀ ਸੁਰੱਖਿਅਤ ਗਰਭਪਾਤ ਦਿਵਸ
(INTERNATIONAL SAFE ABORTION DAY)

## 25 ਨਵੰਬਰ

ਅੰਤਰਰਾਸ਼ਟਰੀ ਮਹਿਲਾ ਅੱਤਿਆਚਾਰ ਵਿਰੋਧੀ ਦਿਵਸ
(INTERNATIONAL DAY OF ELIMINATION OF VIOLENCE AGAINST WOMEN)

# ਕਰੋ

ਅੱਗੇ ਦੀ ਯੋਜਨਾ ਬਣਾਓ ਅਤੇ ਅੱਪਡੇਟ ਸਮੇਂ ਸਿਰ ਪੋਸਟ ਕਰੋ।ਅੱਗੇ ਦਾ ਸੋਚੋ ਅਤੇ ਜਿਸ ਤਰਾਂ ਦੀ ਪੋਸਟ ਪਾਉਣੀ ਚਾਹੁੰਦੇ ਹੋ ਉਸ ਕਿਸਮ ਦੀ ਸਮਗਰੀ ਨਾਲ ਮਾਸਿਕ ਕੈਲੰਡਰ ਤਿਆਰ ਕਰੋ।ਤਿੰਨ ਦਿਨ ਪਹਿਲਾਂ ਪੋਸਟਾਂ ਨੂੰ ਤਿਆਰ ਕਰਨਾ ਤੁਹਾਨੂੰ ਸਮੇਂ ਸਿਰ ਅਪਣੇ ਸੰਗਠਨ ਅਤੇ ਵਿਸ਼ਾਲ ਨੈਟਵਰਕ ਵਿੱਚ ਸਾਂਝੀ ਕਰਨ ਯੋਗ ਬਣਾਵੇਗਾ ਅਤੇ ਮੈਸੇਜਿੰਗ ਤੱਕ ਪਹੁੰਚ ਨੂੰ ਵਧਾਵੇਗਾ।

**ਤਾਜ਼ਾ ਘਟਨਾਵਾਂ ਜਿਵੇਂ ਕਿ ਐਮਟੀਪੀ ਐਕਟ ਵਿੱਚ ਸੋਧਾਂ ਬਾਰੇ ਲੇਖ ਬਲੋਗ ਯੌਨ ਪ੍ਰਜਨਨ ਅਧਿਕਾਰ ਬਾਰੇ ਲੇਖਾਂ ਨੂੰ ਸਾਂਝਾ ਕਰੋ ਹੋਣ ਵਾਲੀਆਂ ਵਰਕਸ਼ਾਪਾਂ ਬਾਰੇ ਲੋਕਾਂ ਨੂੰ ਜਾਣਕਾਰੀ ਦਿਓ**

ਸੁਰੱਖਿਅਤ ਗਰਭਪਾਤ ਸਬੰਧੀ ਗੱਲਬਾਤ ਕਰਦੇ ਹੋਏ ਇਸ ਟੂਲਕਿੱਟ ਵਿੱਚ ਮਾਰਗਦਰਸ਼ਨ ਅਨੁਸਾਰ ਸ਼ਬਦਾਵਲੀ ਅਤੇ ਵੀਡੀਉਜ਼ ਵਰਤੋ।

**ਆਪਣੀਆਂ ਸਾਥੀ ਸੰਸਥਾਵਾਂ ਦੇ ਪੋਸਟ ਸਾਂਝੇ ਕਰੋ ਉਹ ਵੀ ਅਜਿਹਾ ਕਰਨਗੀਆਂ ਇਸ ਨਾਲ ਦਰਸ਼ਕ ਵਧਣਗੇ ਤੇ ਆਪਸ ਵਿਚ ਵਿਚਾਰ ਚਰਚਾ ਵੀ ਵਧੇਗੀ**

# ਨਾ ਕਰੋ

ਸੁਰੱਖਿਅਤ ਗਰਭਪਾਤ ਸਬੰਧੀ ਅਜਿਹੀ ਸ਼ਬਦਾਵਲੀ ਨਾਂ ਵਰਤੋ ਜਿਹੜੀ ਭਰੋਸੇਯੋਗ ਸੂਤਰਾਂ ਦੁਆਰਾ ਚੈੱਕ ਨਾਂ ਕੀਤੀ ਗਈ ਹੋਵੇ ਅਤੇ ਪ੍ਰਮਾਣਿਤ ਨਾਂ ਹੋਵੇ।

ਸੁਰੱਖਿਅਤ ਗਰਭਪਾਤ ਸਬੰਧੀ ਲੋਕਾਂ ਨੂੰ ਵਿਵਾਦਪੂਰਨ ਵਹਿਸ ਦੀ ਪ੍ਰਵਾਨਗੀ ਨਾਂ ਦੇਵੋ ਅਤੇ ਨਾਕਾਰਾਤਮਕ ਟਿੱਪਣੀਆਂ ਨੂੰ ਦੂਰ ਹੀ ਰੱਖੋ।

ਸੁਰੱਖਿਅਤ ਗਰਭਪਾਤ ਸਬੰਧੀ ਬਚਾਅਵਾਦੀ ਜਾਂ ਰਿਐਕਟਿਵ ਨਾਂ ਬਣੋ, ਬੇਸ਼ੱਕ ਕੋਈ ਅਜਿਹਾ ਕਮੈਂਟ ਕਰਦਾ ਹੈ ਜੋ ਤੁਹਾਡੇ ਮੁੱਲ ਅਤੇ ਵਿਚਾਰਧਾਰਾ ਦਾ ਸੱਖਤ ਵਿਰੋਧ ਕਰਦਾ ਹੈ ਦਾ ਜਵਾਬ ਵੀ ਤੱਥਾਂ ਨਾਲ ਹੀ ਦੇਵੋ।

ਅਪਣੇ ਪਾਠ ਨੂੰ  ਛੋਟਾ ਰੱਖੋ ਅਤੇ ਇਸਨੂੰ ਖਸਤਾ ਬਣਾਉ। ਸੋਸ਼ਲ ਮੀਡੀਆ ਵਿਡੀਓ ਕੇਂਦਰਿਤ ਹੁੰਦਾ ਹੈ ਇਸ ਲਈ ਯਕਿਨੀ ਬਣਾਉ ਕਿ ਡਿਜਾਇਨ ਕੀਤੀ ਪੋਸਟ ਵਿੱਚ ਵੀਡੀਓ ਹੀ ਪ੍ਰਮੁੱਖ ਤੱਤ ਹੈ।

**ਆਪਣੀਆਂ ਪੋਸਟਾਂ ਤੇ ਮਿਲ ਰਹੇ ਕਮੈਂਟ ਵੱਲ ਧਿਆਨ ਦਿਉ ਇਸ ਨਾਲ ਤੁਸੀਂ ਲੋਕਾਂ ਦੀ ਸੋਚ ਬਾਰੇ ਅੰਕੜੇ ਇਕੱਠੇ ਕਰ ਸਕਦੇ ਹੋ**

ਹਮੇਸ਼ਾ ਸਕਾਰਾਤਮਕ ਵਿਚਾਰ ਪੈਦਾ ਤੇ ਸਾਂਝੇ ਕਰੋ। ਸਕਾਰਾਤਮਕ ਕੂਮੈਂਟ, ਵਾਧੂ/ਪੂਰਕ ਜਾਣਕਾਰੀ, ਸੂਚਨਾ ਅਤੇ ਉਸਾਰੂ ਪ੍ਰਤੀਕਿਰਿਆ  ਕਰਨ ਵਾਲੇ ਲੋਕਾਂ ਨੂੰ ਸਵਿਕਾਰੋ ਅਤੇ ਧੰਨਵਾਦ ਕਰੋ।

**ਆਪਣੀਆਂ ਪੋਸਟਾਂ ਦੀ ਲਗਾਤਾਰਤਾ ਵੱਲ ਧਿਆਨ ਦਿਉ**

ਗਰਭਵਤੀ ਮਹਿਲਾਵਾਂ, ਬੱਚਿਆਂ ਦੇ ਚਿੱਤਰ, ਭਰੂਣ ਜਾਂ ਬੱਚਿਆਂ ਦੇ ਸਪੱਸ਼ਟ ਗ੍ਰਾਫਿਕਸ ਵਾਲੇ ਚਿੱਤਰ, ਪ੍ਰੇਸ਼ਾਨ ਨਜਰ ਆਂਦੇ ਮਹਿਲਾਵਾਂ ਦੇ ਧੁੰਦਲੇ ਚਿੱਤਰ ਨਾਂ ਵਰਤੋ ਕਿਉਂਕਿ ਇਹ ਅਧਿਕਾਰ ਅਧਾਰਿਤ ਨਹੀਂ ਹਨ ਅਤੇ ਕਲੰਕ ਨੂੰ ਉਤਸ਼ਾਹਿਤ ਕਰਦੇ ਹਨ।

ਅਜਿਹੀ ਭ਼ਾਸਾ ਦੀ ਵਰਤੋ ਨਾਂ ਕਰੋ ਜਿਸ ਵਿੱਚ ਕਲੰਕ ਵਰਗੇ ਸ਼ਬਦ ਸਦੀਵੀ ਸ਼ਾਮਿਲ ਹਨ। ਇਸ ਵਿੱਚ ਅਣਜੰਮਿਆ ਬੱਚਾ, ਬੱਚਾ, ਭਰੂਣ ਆਦਿ ਸ਼ਾਮਲ ਹਨ ਕਿਉਂਕਿ ਇਹ ਵਿਅਕਤੀਗਤਤਾ ਦਾ ਸੰਕੇਤ ਦਿੰਦੇ ਹਨ।

ਜੇਕਰ ਤੁਹਾਡੇ ਸੰਗਠਨ ਦੀ ਸੁਰੱਖਿਅਤ, ਗਰਭ ਸਮਾਪਨ ਨੂੰ ਉਤਸ਼ਾਹਿਤ ਕਰਨ ਅਤੇ ਸਥਾਨਕ ਸੁਰੱਖਿਅਤ ਗਰਭ ਸਮਾਪਨ ਦੀ ਪ੍ਰੈਕਟਿਸ ਕਰਨ ਵਾਲਿਆਂ ਦੀ ਪਹਿਚਾਣ ਨੂੰ ਉਤਸ਼ਾਹਿਤ ਕਰਨ ਵਾਲੀ ਪੋਸਟ ਸਬੰਧੀ ਭਿਆਨਕ ਟਿੱਪਣੀਆਂ ਮਿਲਦੀਆਂ ਹਨ ਤਾਂ ਤੁਸੀਂ ਕੀ ਜਵਾਬ ਦੇਵੋਗੇ।

ਜਵਾਬ ਨੂੰ ਸੰਖੇਪ ਸਮਾਰਟ ਰੱਖੋ ਅਤੇ ਵੱਡਾ ਬਣੁਉਣ ਲਈ ਉਤਸ਼ਾਹਿਤ ਨਾਂ ਕਰੋ। ਇੱਕ ਸਪੱਸ਼ਟ ਦ੍ਰਿੜ ਪੁਆਂਇਟ ਬਣਾਉ ਅਤੇ ਹੋਰ ਜਵਾਬ ਨਾਂ ਦੇਵੋ। ਜੇਕਰ ਨਾਕਾਰਾਤਮਕ ਵਿਚਾਰ ਜਾਰੀ ਹਨ ਅਤੇ ਹੱਦੋਂ ਬਾਹਰ ਹੋ ਜਾਂਦੀਆਂ ਹਨ ਤਾਂ ਸਬੰਧਿਤ ਉਪਭੋਗਤਾ ਨੂੰ ਦੱਸੋ।

**ਜਾਣਕਾਰੀ ਸਾਂਝੀ ਕਰਦੀ ਹੋਈ ਔਰਤ ਦੀ ਇਜ਼ਤ ਅਤੇ ਸੁਰੱਖਿਆ ਦਾ ਧਿਆਨ ਰੱਖੋਂ**

ਇਹ ਜਾਣਕਾਰੀ ਜਰੂਰ ਦੇਵੋ ਕਿ ਸੁਰੱਖਿਅਤ ਗਰਭ ਸਮਾਪਨ ਤੱਕ ਪਹੁੰਚ ਨਾਲ ਮਾਂ ਦੀ ਬਿਮਾਰੀ ਦਰ ਅਤੇ ਮੌਤ ਦਰ ਘੱਟ ਹੋਵੇਗੀ।

**ਇਕ ਔਰਤ ਦੀ ਆਪਣੇ ਸਰੀਰ ਬਾਰੇ ਚੋਣ ਕਰਨ ਦੇ ਅਧਿਕਾਰ ਤੇ ਜ਼ੋਰ ਦਿਓ**

**ਪਿੱਤਰ ਸੱਤਾ ਢਾਂਚੇ ਵਿਚ ਕਲੰਕ ਵਰਗੇ ਲਫਜ਼ਾਂ ਦੀ ਵਰਤੋਂ ਔਰਤਾਂ ਦੀ ਆਜ਼ਾਦੀ ਨੂੰ ਕਿਵੇਂ ਰੋਕਦੀ ਹੈ ਇਹ ਦੱਸੋ**

ਇੱਕ ਕਨੂੰਨੀ ਪਹਿਲੂ ਵੇਖੋ। ਲਿੰਗਿਕ ਅਤੇ ਪ੍ਰਜਣਨ ਅਧਿਕਾਰ ਮਨੁੱਖੀ ਅਧਿਕਾਰ ਹਨ। ਕਨੂੰਨ ਦੇ ਗੁਣ ਹਨ ਕਿ ਹਰ ਵਿਅਕਤੀ ਨੂੰ ਬਿਨਾਂ ਕਿਸੇ ਡਰ ਅਤੇ ਵਿਤਕਰੇ ਦੇ ਬਰਾਬਰਤਾ ਦਾ ਅਧਿਕਾਰ ਹੈ। ਦਰਸਾਓ ਕਿ ਦਾ ਮੈਡੀਕਲ ਟਰਮੀਨੇਸ਼ਨ ਆਫ ਪ੍ਰੈਗਨੈਂਸੀ ਐਕਟ, 1971 (The Medical Termination of Pregnancy (MTP) Act, 1971) ਵਿੱਚ ਸੁਰੱਖਿਅਤ ਵਿਵਸਥਾ ਬਾਰੇ ਕਿਹਾ ਗਿਆ ਹੈ।

ADVOCACY PLAN • AWARENESS
OBJECTIVES • STAKEHOLDERS • WORK
PLAN • POPULATION • MYTHS AND
MISCONCEPTIONS • IMPLEMENT
MONITOR • MEASURE • INFLUENCERS
ADVOCACY PLAN • AWARENESS
OBJECTIVES • STAKEHOLDERS • WORK
PLAN • POPULATION • MYTHS AND
MISCONCEPTIONS • STAKEHOLDERS
INFLUENCERS • LAW AWARENESS
DATA MEASURE

# ਗਰਭ ਸਮਾਪਨ + ਸਮਰਥਨ

MONITOR DATA
PLAN • OBJECTIVESAWARENESS
• STAKEHOLDERS • WORKPLAN
• POPULATION • IMPLEMENT
MYTHS AND MISCONCEPTIONS
MONITOR • MEASURE • DATA • LAW
INFLUENCERS • POPULATION • WORK
PLAN • IMPLEMENT • STAKEHOLDERS
ADVOCACY PLAN • AWARENESS
OBJECTIVES • STAKEHOLDERS • WORK
PLAN • POPULATION • MYTHS AND


ਗਰਭ ਸਮਾਪਨ + **ਸਮਰਥਨ**

ਭਾਰਤ ਵਿੱਚ ਸਾਲ 2015 ਵਿੱਚ ਲੱਗਭੱਗ 15.6 ਮਿਲੀਅਨ ਗਰਭਪਾਤ ਹੋਏ ਹਨ ਜੋ ਕਿ ਇਸਦਾ ਸੰਕੇਤ ਹੈ ਕਿ ਪ੍ਰਜਣਨ ਉਮਰ (15 ਤੋਂ 49 ਸਾਲ) ਦੇ ਸਮੂਹ ਦੀਆਂ ਮਹਿਲਾਵਾਂ ਵਿੱਚ ਗਰਭਪਾਤ ਦੀ ਦਰ 47 ਪ੍ਰਤੀ 1000 ਹੈ।

15.6 ਮਿਲੀਅਨ ਗਰਭਪਾਤ ਵਿੱਚੋਂ 5 ਫਿਸਦੀ ਲੱਗਭੱਗ 0.8 ਮਿਲੀਅਨ ਅਸੁਰਖਿੱਅਤ ਗਰਭਪਾਤ ਕਰਵਾਏ ਮੰਨੇ ਗਏ ਹਨ ਭਾਵ ਗੈਰ ਸਿਖਿੱਅਕ ਵਿਅਕਤੀਆਂ, ਗੈਰ ਮਾਨਤਾ ਪ੍ਰਾਪਤ ਪ੍ਰੈਕਟਿਸ਼ਨਰਾਂ ਦੁਆਰਾ ਗੈਰ ਮੰਨਜੁਰਸੁਦਾ ਥਾਵਾਂ ਤੇ ਕੀਤੇ ਗਏ ਹਨ।

ਗਰਭ ਸਬੰਧੀ 8 ਫਿਸਦੀ ਮੋਤਾਂ ਅਸੁਰੱਖਿਅਤ ਗਰਭ ਸਮਾਪਨ ਕਾਰਨ ਹੀ ਹੁੰਦੀਆਂ ਹਨ।

ਸੁਰੱਖਿਅਤ ਗਰਭ ਸਮਾਪਨ ਦੇ ਵਕੀਲ ਹੋਣ ਦੇ ਨਾਤੇ, ਸਾਨੂੰ ਡਾਟਾ ਨੂੰ ਸਮਝਣਾ ਅਤੇ ਅਪਣੀ ਕਾਰਵਾਈ ਦੀ ਯੋਜਨਾ ਬਣਾਉਣ ਦੀ ਜਰੂਰਤ ਹੈ ਤਾਂ ਜੋ ਸਿਰਫ ਅਸੀਂ ਹੀ ਮੁੱਦਿਆਂ ਦਾ ਸਮੱਰਥਨ ਨਾਂ ਕਰੀਏ ਸਗੋਂ ਦੂਜਿਆਂ ਨੂੰ ਵੀ ਸਮਰਥਨ ਕਰਨ ਲਈ ਪ੍ਰਭਾਵਿਤ ਕਰੀਏ।




1 Singh et al., “The incidence of abortion and unintended pregnancy in India 2015”, Lancet Global Health, Volume 6, Issue 1, 2018
2 Ibid.
3 Ministry of Health and Family Welfare, Government of India ww.mohfw.nic.in/WriteReadData/c08032016/89632563214569875236.pdf

# ਅਸੀਂ ਸਮਰਥਨ ਦੀ ਯੋਜਨਾ ਕਿਵੇਂ ਬਣਾ ਸਕਦੇ ਹਾਂ ?

ਯਾਦ ਰੱਖੋ ਸੁਰੱਖਿਅਤ ਗਰਭ ਸਮਾਪਨ ਸਬੰਧੀ ਹਰ ਕਦਮ ਤੇ ਸਮਰਥਨ ਕਰਨ ਦੀ ਪ੍ਰੀਕਿਰਿਆ ਦਾ ਢਾਂਚਾ ਹੈ।

ਹਾਲਾਂਕਿ ਸੁਰੱਖਿਅਤ ਗਰਭ ਸਮਾਪਨ ਸਬੰਧੀ ਸਮਰਥਨ ਕਰਨ ਦੇ ਯਤਨ ਅਕਸਰ ਜੈਵਿਕ ਹੋ ਸਕਦੇ ਹਨ ਅਤੇ ਕਿਸੇ ਖਾਸ ਹਾਲਤ ਦਾ ਇੱਕ ਜਵਾਬ ਹੋ ਸਕਦੇ ਹਨ।

1 ਵਿਸ਼ੇ ਨੂੰ ਸਮਝੋ

ਸਮਰਥਨ ਦਾ ਉਦੇਸ਼ ਨਿਰਧਾਰਤ ਕਰੋ। 2

3 ਹਿੱਸੇਦਾਰਾਂ ਦੀ ਨਿਸ਼ਾਨ-ਦੇਹੀ ਕਰੋ


ਕੰਮ ਦੀ ਯੋਜਨਾ ਬਣਾਓ 4

5 ਇਸ ਯੋਜਨਾ ਨੂੰ ਲਾਗੂ ਕਰੋ

ਇਸ ਦੀ ਨਿਗਰਾਨੀ ਕਰੋ ਤੇ ਸਫਲਤਾ ਨੂੰ ਮਾਪੋ 6

# ਵਿਸ਼ੇ ਨੂੰ ਸਮਝੋ

ਸਥਿਤੀ ਨੂੰ ਸਮਝਣ ਲਈ ਸਬੂਤ ਦਾ ਅਧਿਅਨ ਕਰੋ। ਐਨਐਫਐਚਐਸ[4] (NFHS-4) ਵਰਗੇ ਸਰੋਤਾਂ, ਜਿਲ੍ਹਾ ਤੱਥ ਸ਼ੀਟਾਂ, ਸਥਾਨਕ ਅਧਿਐਨ, ਸਰਕਾਰੀ ਅਧਿਕਾਰੀਆਂ ਅਤੇ ਉਪਭੋਗਤਾਵਾਂ ਨਾਲ ਵਿਚਾਰ ਵਟਾਂਦਰਾ ਆਦਿ ਦੀ ਵਰਤੋਂ ਕਰੋ।




ਦੇਸ਼ ਦੀ 10 ਫਿਸਦੀ ਅਬਾਦੀ ਬਿਹਾਰ ਅਤੇ ਝਾਰਖੰਡ ਵਿੱਚ ਰਹਿੰਦੀ ਹੈ।

ਇਨ੍ਹਾਂ ਰਾਜਾਂ ਵਿੱਚ ਸਿਰਫ

01 ਫਿਸਦੀ ਸਹੂਲਤਾਂ ਵਾਲੇ ਗਰਭਪਾਤ ਕੇਂਦਰ ਹੀ ਹਨ।

ਇੱਕ ਗੁਟਮੈਚਰ ਸੰਸਥਾ (Guttmacher Institute) ਦਾ ਅਧਿਐਨ4 ਦੱਸਦਾ ਹੈ ਕਿ ਬਿਹਾਰ ਅਤੇ ਝਾਰਖੰਡ ਜਿੱਥੇ 75 ਫਿਸਦੀ ਅਬਾਦੀ ਪਿੰਡਾਂ ਵਿੱਚ ਰਹਿੰਦੀ ਹੈ ਸੁਰੱਖਿਅਤ ਗਰਭਪਾਤ ਸਬੰਧੀ ਕਨੂੰਨੀ ਸੇਵਾਵਾਂ ਨਾਕਾਫੀ ਹਨ।[5,6]

4 Ibid.

5 Kalyanwala S, et al., "Adoption and continuation of contraception following medical or Surgical abortion in Bihar and Jharkhand, India", International Journal of Gynaecologists and Obstetrics, 118 Suppl 1:S47–51, 2012

6 Patel L, et al., "Support for provision of early medical abortion by mid-level providers in Bihar and Jharkhand, India", Reproductive Health Matters, 17(33):70–9. pmid:19523584, 2009

7 Duggal R, et al., "The abortion assessment project India: key findings and recommendations", Reproductive Health Matters, 12 (24 Suppl):122–9, 2004

## ਆਪਣੇ ਵਿਸ਼ੇ ਵਿਚ
**ਸੁਰੱਖਿਅਤ ਗਰਭ ਸਮਾਪਨ ਦੀਆਂ ਰੁਕਾਵਟਾਂ ਨੂੰ ਸਮਝੋ**

ਤਾਲਮੇਲ ਦੀ ਘਾਟ
ਕਾਨੂੰਨਾਂ, ਨੀਤੀਆਂ, ਪ੍ਰੋਗਰਾਮਾਂ ਅਤੇ ਸੇਵਾਵਾਂ ਵਿਚਕਾਰ।

**ਸਮਾਜਿਕ ਕਲੰਕ**

**ਸਿਖਲਾਈ ਦੀ ਘਾਟ ਪ੍ਰਦਾਤਾ ਅਤੇ ਘੱਟ ਪਹੁੰਚ ਵਾਲੇ ਸਿਖਿਅਕ ਸੇਵਾ ਪ੍ਰਦਾਤਾ**

**ਘੱਟ ਜਾਣਕਾਰੀ ਸਮਾਜ ਵਿਚ ਸੁਰੱਖਿਅਤ ਗਰਭ ਸਮਾਪਨ ਸੇਵਾਵਾਂ ਬਾਰੇ**

ਡਾਟਾ ਦੀ ਘਾਟ
ਇੱਕ ਗੁਟਮੈਚਰ ਸੰਸਥਾ (Guttmacher Institute) ਦੇ ਅਧਿਐਨ ਤੋਂ ਬਿਨਾਂ ਗਰਭਪਾਤ ਦੀ ਯੋਜਨਾ ਦੇ ਉਦੇਸ਼ ਲਈ ਕੋਈ ਵੀ ਹੋਰ ਖੋਜ਼ ਉਪਲੱਬਦ ਨਹੀਂ ਹੈ।

**ਭਰਮ ਤੇ ਭੁਲੇਖੇ**


ਪੀਸੀਪੀਐਨਡੀਟੀ ਐਕਟ ਅਤੇ ਐਮਟੀਪੀ ਐਕਟ (PCPNDT Act and MTP Act) ਵਿੱਚ ਅੰਤਰ ਸਬੰਧੀ ਕਾਨੂੰਨੀ ਜਾਗਰੂਕਤਾ ਦੀ ਘਾਟ।

# ਸਮਰਥਨ ਦੇ ਉਦੇਸ਼ਾਂ ਦੀ ਸੈਟਿੰਗ ਕਰਨਾ

ਲੰਬੇ ਸਮੇਂ ਦੇ ਟੀਚਿਆਂ ਸਮਾਰਟ8 (SAMART 8) ਅਤੇ ਥੋੜੇ ਸਮੇਂ ਦੇ ਉਦ੍ਹੇਸਾਂ ਦੀ ਪਛਾਣ ਕਰੋ

## ਵਿਸ਼ਾਲ ਟੀਚੇ

ਸਾਲ 2023 ਤੱਕ ਝਾਰਖੰਡ ਵਿੱਚ ਪ੍ਰਜਣਨ ਉਮਰ ਦੀਆਂ ਮਹਿਲਾਵਾਂ ਦੀ ਸੁਰੱਖਿਅਤ ਅਤੇ ਕਾਨੂੰਨੀ ਗਰਭਪਾਤ ਤੱਕ ਪਹੁੰਚ ਯਕਿਨੀ ਬਣਾਉਣਾ।



## ਸਮਾਰਟ (SAMART) ਉਦ੍ਹੇਸ਼

2019 ਤੱਕ ਇੱਕ ਸਾਲ ਅੰਦਰ ਇਹ ਯਕਿਨੀ ਬਣਾਉਣਾ ਕਿ ਜਿਲ੍ਹੇ ਅੰਦਰ ਕਨੂੰਨੀ ਅਤੇ ਸਿਖਿੱਕ ਅਧਾਰਤ ਗਰਭਪਾਤ ਸੇਵਾਵਾਂ ਵਿੱਚ 25 ਫਿਸਦੀ ਵਾਧਾ ਹੋਵੇ।

ਇਹ ਯਕਿਨੀ ਬਣਾਉਣਾ ਕਿ ਜਿਲ੍ਹੇ ਅੰਦਰ ਜਿਲ੍ਹਾ ਪੱਧਰੀ ਕਮੇਟੀ ਚਾਲੂ ਹੈ। (ਇਹ ਮੰਨਿਆ ਗਿਆ ਹੈ ਕਿ ਇਹ ਪਹਿਲਾਂ ਹੀ ਸਥਾਪਿਤ ਹਨ)

8. SMART Objective: In designing an objective, ensure that it is Specific, Measurable, Attainable, Relevant and Time-bound.

# ਹਿੱਸੇਦਾਰਾਂ ਦੀ ਮੈਪਿੰਗ

**ਫੈਸਲਾ ਲੈਣ ਵਾਲਿਆਂ** ਅਤੇ ਇਸਦੇ **ਪ੍ਰਭਾਵਕਾਂ ਦੀ ਪਛਾਣ ਜੋ ਇਹਨਾਂ ਉਦੇਸ਼ਾਂ ਦੀ ਪੂਰਤੀ ਲਈ** ਸਹੀ **ਫੈਸਲਾ ਲੈ ਸਕਦੇ ਹੋਣ ਜਾਂ ਲੋਕ ਜਿਨ੍ਹਾਂ ਦੀ ਗੱਲ ਸੁਣਦੇ ਹੋਣ**

## ਸਹਿਯੋਗੀ ਗਠਬੰਧਨਾਂ ਦੀ ਪਛਾਣ

ਅਦਾਕਾਰਾਂ ਦੀ ਇਹ ਵਿਆਪਕ ਲੜ੍ਹੀ ਨੀਤੀ ਨਿਰਮਾਤਾਵਾਂ ਦੇ ਸਟੈਂਡ ਨੂੰ ਸੂਚਿਤ ਅਤੇ ਪ੍ਰਭਾਵਿਤ ਕਰ ਸਕਦੀ ਹੈ।ਵਕਾਲਤ ਦੀ ਪ੍ਰੀਕਿਰਿਆ ਦੇ ਤੋਰ ਤੇ ਰਣਨੀਤਿਕ ਗੱਠਜੋੜ੍ਹ ਬਾਰੇ ਸੋਚੋ। ਜਿਹੜ੍ਹੇ ਰਵਾਇਤੀ ਤੋਰ ਤੇ ਸਹਿਯੋਗੀ ਨਹੀਂ ਸਨ ਉਨ੍ਹਾਂ ਨਾਲ ਹਿੱਸੇਦਾਰਾਂ ਵਜੋਂ ਕੰਮ ਕਰਨਾ ਪੈ ਸਕਦਾ ਹੈ।

## ਅਪਣੇ ਵਿਰੋਧ ਨੂੰ ਜਾਣਨਾ

ਗਰਭਪਾਤ ਦੇ ਅਧਿਕਾਰ ਸਬੰਧੀ ਹੋਣ ਵਾਲੇ ਵਿਰੋਧ ਦੇ ਸੁਭਾਅ ਨੂੰ ਅਤੇ ਇਸਦੇ ਵਿਰੋਧ ਲਈ ਵਰਤੀਆਂ ਜਾਂਦੀਆਂ ਦਲੀਲਾਂ ਜੋਕਿ ਦੇਸ਼/ਰਾਜ/ਖੇਤਰ ਵਿਸ਼ੇਸ ਹਨ ਨੂੰ ਸਮਝਣਾ ਮਹੱਤਵਪੂਰਨ ਹੈ।

## ਫੈਸਲਾ ਲੈਣ ਵਾਲੇ

ਮੁੱਖ ਮੈਡੀਕਲ ਅਫਸਰ (ਚੀਫ ਮੈਡੀਕਲ ਆਫਿਸਰ), ਜਿਲ੍ਹਾ ਸਿਹਤ ਅਫਸਰ (ਡੀ ਐਚ ਓ), ਜਿਲ੍ਹਾ ਪੱਧਰੀ ਕਮੇਟੀ ਦੇ ਮੈਂਬਰ (ਸਾਇਟ ਰਜਿਸਟਰਡ ਕਰਨ ਲਈ)

## ਸਿੱਧੇ ਪ੍ਰਭਾਵਿਕ

ਸਥਾਨਕ ਵਿਧਾਇਕ, ਸਿਹਤ ਸੇਵਾ ਡਲਿਵਰੀ ਸਿਸਟਮ ਦੇ ਪ੍ਰਤੀਨਿਧੀ, ਵੱਡੇ ਐਨਜੀਓਜ, ਸਰਕਾਰੀ ਸੰਗਠਨਾਂ ਨਾਲ ਕੰਮ ਕਰ ਰਹੇ ਤਕਨੀਕੀ ਸਹਿਯੋਗ ਇਕਾਈਆਂ ਦੇ ਪ੍ਰਤੀਨਿਧੀ।

## ਪ੍ਰਭਾਵਿਕ ਸਹਾਇਕ

ਮੀਡੀਆ, ਵਿਦਿੱਅਕ ਅਤੇ ਖੋਜਕਰਤਾ , ਐਨਜੀਓਜ ਅਤੇ ਮਹਿਲਾਵਾ ਦੇ ਸਮੂਹ, ਨੈਟਵਰਕ/ ਗੱਠਜੋੜ, ਪ੍ਰੋਸ਼ੇਵਾਰ ਐਸੋਸਿਏਸ਼ਨਾਂ ਜਿਵੇਂ ਫੋਗਸੀ (FOGSI) ਵਕੀਲਾਂ ਦਾ ਸਮੂਹ ਆਦਿ।

## ਵਿਰੋਧ

ਪ੍ਰੋ ਲਾਇਫ (Pro-Life) ਸਮੂਹ ਧਾਰਮਿਕ ਆਗੂ

# ਇੱਕ ਕਾਰਜ ਯੋਜਨਾ ਵਿਕਸਿਤ ਅਤੇ ਲਾਗੂ ਕਰਨਾ

ਆਹਮੋ ਸਾਹਮਣੇ ਮੀਟਿੰਗਾਂ, ਵਕਾਲਤ ਕਿੱਟਾਂ, ਤੱਥ ਸ਼ੀਟਾਂ, ਜਨਤਕ ਰੈਲੀਆਂ, ਪਟੀਸ਼ਨਾਂ, ਜਨਤਕ ਵਹਿਸਾਂ, ਪ੍ਰੈਸ ਨੋਟ, ਨੀਤੀ ਫੋਰਮਾਂ, ਮੀਟਿੰਗਾਂ ਆਦਿ ਪਲੇਟਫਾਰਮ ਵਰਤੇ ਜਾ ਸਕਦੇ ਹਨ।

ਇੱਕ ਕਾਰਜ ਯੋਜਨਾ ਵਿੱਚ ਹੇਠ ਲਿਖੀ ਸੂਚਨਾ ਵਾਲੇ ਕਈ ਕਾਰਵਾਈ ਕਦਮ ਸ਼ਾਮਿਲ ਹੁੰਦੇ ਹਨ:

- ☑ **ਕੀ ਗਤੀਵਿਧੀਆਂ ਕਰਨਗੇ ਅਤੇ ਕੌਣ ਕੀ ਕਰੇਗਾ**
- ☑ **ਟਾਈਮਲਾਈਨ**
- ☑ **ਬਜਟ**
- ☑ ਯੋਜਨਾ ਅਤੇ ਸੰਦੇਸ਼ ਵਿਕਾਸ

## ਕਿਰਿਆ 1:
## ਵਕਾਲਤ ਕਿੱਟ ਤਿਆਰ ਕਰੋ

ਗਰਭਪਾਤ ਸੇਵਾਵਾ ਅਤੇ ਪੈਕੇਜ਼ ਡਾਟਾ ਜਾਣਕਾਰੀ ਦੇ ਅਨੁਸਾਰ ਹੋਰ ਮੁੱਖ ਤੱਥ ਹਿੱਸੇ ਦਾਰਾਂ ਦੀਆਂ ਜਰੂਰਤਾਂ, ਛੋਟੇ ਤੱਥ ਸ਼ੀਟ, ਦਿਸ਼ਾ ਨਿਰਦੇਸ਼, ਐਕਸ਼ਨ ਕਦਮ ਆਦਿ ਵਿਕਸਿਤ ਅਤੇ ਸ਼ਾਮਿਲ ਕੀਤੇ ਜਾ ਸਕਦੇ ਹਨ। ਹਰੇਕ ਹਿੱਸੇਦਾਰ ਲਈ ਸਮਗਰੀ ਵਿਕਸਿਤ ਕੀਤੀ ਜਾ ਸਕਦੀ ਹੈ ਅਤੇ ਹੋਰ ਸੰਗਠਨਾਂ ਦੁਆਰਾ ਇਸੇ ਮੰਤਬ ਲਈ ਵਰਤੀ ਜਾ ਸਕਦੀ ਹੈ।

### ਕਿਸ ਦੁਆਰਾ

ਐਨਜੀਓਜ ਦੀ ਵਕਾਲਤ ਟੀਮ

### ਟਾਇਮਲਾਇਨ

15 ਦਿਨ

### ਬੱਜਟ

10000/- ਭਾਰਤੀ ਰੁਪਏ।

# ਕਿਰਿਆ 2:
## ਸਿੱਧੇ ਪ੍ਰਭਾਵਕਾਂ ਨਾਲ ਗੱਲ ਕਰੋ

A : ਇਕੱਠਾ ਕੀਤਾ ਡਾਟਾ ਸਾਂਝਾ ਕਰਨ ਲਈ, ਉਨ੍ਹਾਂ ਨੂੰ ਖਾਸ ਐਕ੍ਸ਼ਨ ਕਰਨ ਦੀ ਜਰੂਰਤ ਲਈ ਸਮਝਣ ਯੋਗ ਬਣਾਉਣ ਅਤੇ ਉਨ੍ਹਾਂ ਦੀਆਂ ਸਿਫਾਰਿਸ਼ਾਂ ਦੀ ਮੁੱਖ ਮੈਡੀਕਲ ਅਫਸਰ (ਚੀਫ ਮੈਡੀਕਲ ਆਫਿਸਰ), ਜਿਲ੍ਹਾ ਸਿਹਤ ਅਫਸਰ (ਡੀ ਐਚ ਓ), ਜਿਲ੍ਹਾ ਪੱਧਰੀ ਕਮੇ ਟੀ ਦੇ ਪ੍ਰਤੀਨਿਧੀਆਂ ਨੂੰ ਸੂਚਨਾ ਦੇਣ ਅਤੇ ਸਹਿਯੋਗ ਕਰਨ ਲਈ ਪ੍ਰਭਾਵਕਾਂ ਨਾਲ ਆਹਮੋ ਸਾਹਮਣੇ ਮੀਟਿੰਗਾਂ ਕਰੋ।

**ਜਾਂ**

B: ਪ੍ਰਭਾਵਕਾਂ ਅਤੇ ਹਿੱਸੇਦਾਰਾਂ ਦੀ ਸਾਂਝੀ ਮੀਟਿੰਗ ਬੁਲਾਉ ਅਤੇ ਇਸ ਵਿੱਚ ਡਾਟਾ ਸਾਂਝਾ ਕਰੋ ਅਤੇ ਇਸ ਸਬੰਧੀ  ਵਿਚਾਰ ਚਰਚਾ ਕਰੋ। ਜੇ ਕਰ ਸੰਭਬ ਹੋਵੇ ਤਾਂ ਮੀਟਿੰਗ ਦੇ ਅੰਤ ਵਿੱਚ ਮੁੱਖ ਮੈਡੀਕਲ ਅਫਸਰ (ਚੀਫ ਮੈਡੀਕਲ ਆਫਿਸਰ), ਜਿਲ੍ਹਾ ਸਿਹਤ ਅਫਸਰ (ਡੀ ਐਚ ਓ), ਜਿਲ੍ਹਾ ਪੱਧਰੀ ਕਮੇਟੀ ਦੇ ਪ੍ਰਤੀਨਿਧੀਆਂ ਨੂੰ ਬੁਲਾਉ ਤਾਂ ਕਿ ਮੀਟਿੰਗ ਦੇ ਪ੍ਰਤੀਭਾਗੀ ਮੀਟਿੰਗ ਦੋਰਾਨ ਚੁੱਕੇ ਮੁੱਦਿਆਂ ਅਤੇ ਪੁਅੰਾਇਟਾਂ ਨੂੰ ਸਾਂਝਾ ਕਰ ਸਕਣ।

**ਕੌਣ ਕਰੇਗਾ**
**ਸਵੈ-ਸੇਵੀ ਸੰਸਥਾ ਦੀ ਮੁਹਿੰਮ ਟੀਮ**

**ਟਾਈਮਲਾਈਨ**
15 **ਦਿਨ**

**ਬਜਟ**
INR 25,000-50,000

# ਕਿਰਿਆ 3:
## ਮੀਟਿੰਗ ਅਤੇ ਫਾਲੋ ਅੱਪ ਕਰੋ

ਵਿਕਲਪ ਏ ਸਬੰਧੀ ਇਹ ਵੇਖਣ ਲਈ ਕਿ ਉਹ ਮੁੱਦੇ ਚੁੱਕਣ ਦੇ ਕਾਬਿਲ ਹਨ ਪ੍ਰਭਾਵਕਾਂ ਨਾਲ  ਫਾਲੋ ਅੱਪ ਕਰੋ। ਅਜਿਹਾ ਕਰਨ ਲਈ ਉਨ੍ਹਾਂ ਦਾ ਸਮੱਰਥਨ ਕਰੋ।

ਵਿਕਲਪ ਬੀ ਲਈ ਮੁੱਖ ਮੈਡੀਕਲ ਅਫਸਰ (ਚੀਫ ਮੈਡੀਕਲ ਆਫਿਸਰ), ਜਿਲ੍ਹਾ ਸਿਹਤ ਅਫਸਰ (ਡੀ ਐਚ ਓ), ਜਿਲ੍ਹਾ ਪੱਧਰੀ ਕਮੇਟੀ ਦੇ ਪ੍ਰਤੀਨਿਧੀਆਂ ਨੂੰ ਮਿਲੋ ਅਤੇ ਇਹ ਪੁੱਛੋ ਕਿ ਜਿਨ੍ਹਾਂ ਕਾਰਜ ਬਿੰਦੂਆਂ ਤੇ ਸਹਿਮਤੀ ਬਣੀ ਸੀ ਉਸ ਸਬੰਧੀ ਕੀ ਹੋਇਆ ਹੈ।

ਕਿਸ ਦੁਆਰਾ
ਐਨਜੀਓਜ਼ ਦੀ ਵਕਾਲਤ ਟੀਮ

ਟਾਇਮਲਾਇਨ
01 ਮਹੀਨਾ

ਬੱਜ਼ਟ
15000/- ਭਾਰਤੀ ਰੁਪਏ।

# ਨਿਗਰਾਨੀ ਤੇ ਸਫਲਤਾ ਨੂੰ ਮਾਪਣਾ

ਘੱਟ ਸਮੇਂ ਤੇ ਜਿਆਦਾ ਸਮੇਂ ਦੇ ਨਤੀਜ਼ੇ।

**ਪ੍ਰਭਾਵਕਾਂ ਨਾਲ ਕਿੰਨੀਆਂ ਮੀਟਿੰਗਾਂ ਹੋਈਆਂ**

ਪ੍ਰਭਾਵਕਾਂ ਨਾਲ ਸਾਂਝਾ ਕਰਨ ਲਈ ਕਿੰਨਾ ਵਕਾਲਤ ਮਟੀਰੀਅਲ ਵਿਕਸਿਤ ਕੀਤਾ ਗਿਆ।

**ਕਿੰਨੀਆਂ ਫਾਲੋ-ਅੱਪ ਮੀਟਿੰਗਾਂ ਹੋਈਆਂ**

ਸੇਵਾ ਪ੍ਰਦਾਤਾਵਾਂ ਅਤੇ ਸਾਇਟਾਂ ਦੀ ਰਜਿਸਟ੍ਰੇਸ਼ਨ ਦੀ ਗਿਣਤੀ ਵਿੱਚ ਵਾਧਾ।

# ਕਰੋ ਅਤੇ ਨਾਂ ਕਰੋ
# ਇੱਕ ਵਕਾਲਤ ਯੋਜਨਾ ਦੇ

ਇਹ ਯਕਿਨੀ ਬਣਾਓ ਕਿ ਤੁਹਾਡੇ ਉਦੇਸ਼ ਸਮਾਰਟ (SMART) ਮਾਪਦੰਡ ਵਾਲੇ ਹਨ।

ਵੱਧ ਉਤ੍ਹਸਾਹ ਵਾਲੇ ਉਦੇਸ਼ ਨਾਂ ਚੁਣੋ

ਅਪਣੇ ਸਬੰਧੀ ਫੈਸਲੇ ਲੈਣ ਵਾਲਿਆਂ ਬਾਰੇ ਵੱਧ ਤੋਂ ਵੱਧ ਜਾਣੋ ਅਤੇ ਅਪਣੀ ਰਣਨੀਤੀ ਇਸ ਅਨੁਸਾਰ ਹੀ ਅਨੁਕੂਲ ਬਣਾਉ। ਇਹ ਨਾਂ ਸੋਚੋ ਕਿ ਜਿੰਨਾ ਤੁਸੀਂ ਗਰਭਪਾਤ ਬਾਰੇ ਕਰਦੇ ਹੋ ਫੈਸਲਾ ਕਰਨ ਵਾਲਾ ਜਾਣਦਾ ਹੈ।

ਤੱਥ ਸ਼ੀਟਾਂ ਅਤੇ ਸੰਖੇਪ ਵਕਾਲਤ ਨਾਲ ਤਿਆਰ ਹੋਕੇ ਜਾਵੋ, ਪਰੰਤੂ ਇਸਨੂੰ ਜਿਆਦਾ ਨਾਂ ਕਰੋ।

ਯਾਦ ਰੱਖੋ ਕਿ ਨਵੇਂ ਵਿਕਾਸ ਦੇ ਜਵਾਬ ਵਿੱਚ ਅਪਣੀ ਯੋਜਨਾ ਨੂੰ ਬਦਲਣਾ ਠੀਕ ਹੈ।

ਅਲੱਗ ਹੋਕੇ ਇਕੱਲੇ ਕੰਮ ਨਾਂ ਕਰੋ। ਵਕਾਲਤ ਗੱਠਜੋੜ੍ਹ ਦੇ ਮੈਂਬਰਾਂ ਨਾਲ ਸਲਾਹ ਜਾਰੀ ਰੱਖੋ ਅਤੇ ਅੱਗੇ ਵੱਧੋ।

ਮੁਲੰਕਣ ਕਰੋ ਕਿ ਵਿਸ਼ੇਸ ਉਦੇਸ ਲਈ ਨੀਤੀ ਵਾਤਾਵਰਣ ਹੱਕ ਵਿੱਚ ਹੈ ਅਤੇ ਸਮਾਂ ਸਹੀ ਹੈ। ਮੁਲੰਕਣ ਕਰਨਾ ਨਾਂ ਭੁੱਲੋ ਕਿ ਖੇਤਰੀ ਅਤੇ ਰ੍ਰਾਸਟਰੀ ਵਾਤਾਵਰਣ ਤੁਹਾਡੀ ਸਫਲਤਾ ਵਿੱਚ ਸਹਾਈ ਜਾਂ ਰੁਕਾਵਟ ਹੋ ਸਕਦਾ ਹੈ।

ਅਪਣੀ ਵਕਾਲਤ ਸਮਗਰੀ ਅਤੇ ਗੱਲਬਾਤ ਲਈ ਸਧਾਰਨ ਭਾ਼ਸਾ ਦਾ ਹੀ ਪ੍ਰਯੋਗ ਕਰੋ।

ਅਣਜੰਮੇ ਬੱਚੇ ਜਾਂ ਭਰੂਣ ਦੀ ਮੌਤ ਵਰਗੇ ਹਵਾਲਿਆਂ ਦੀ ਵਰਤੋਂ ਨਾਂ ਕਰੋ।

ਮਾਂ ਅਤੇ ਗਰਭਵਤੀ ਮਹਿਲਾ ਸ਼ਬਦਾ ਨੂੰ ਆਪਸੀ ਬਦਲ ਵਿੱਚ ਨਾਂ ਵਰਤੋ। ਹੋਰ ਜਾਣਕਾਰੀ ਲਈ ਗਰਭਪਾਤ + ਸੰਚਾਰ ਵੇਖੋ।

#ABORTTHESTIGMA
for safe abortion access & reproductive justice.

**Credits:**

Editorial:
Bishakha Datta
Zarah Udwadia

Design:
Kritika Trehan

## About CREA

Founded in 2000, CREA is a feminist human rights organization based in the global South, and led by Southern feminists, that works at the grassroots, national, regional and international levels. CREA builds feminist leadership, expands sexual and reproductive freedoms and advances human rights of all women, girls and trans people.

7 Jangpura B, Mathura Road,
New Delhi 110014, India
91-11-2437-7707
crea@creaworld.org
www.creaworld.org

## About CommonHealth

Constituted in 2006, CommonHealth is a rights-based, multi-state coalition of organization and individuals that advocates for increased access to sexual and reproductive health care and services to improve health conditions of women and marginalized communities. Within sexual and reproductive health and rights, CommonHealth concentrates its efforts largely on maternal health and Safe abortion. The coalition draws its membership from diverse disciplines, thematic areas and geographies within the country.

## CREA ਬਾਰੇ ਜਾਣਕਾਰੀ

**CREA** ਸਾਲ 2000 ਵਿੱਚ ਬਣਾਇਆ ਗਿਆ ਇੱਕ ਨਾਰੀਵਾਦੀ ਮਨੁੱਖੀ ਅਧਿਕਾਰ ਸੰਗਠਨ ਹੈ ਜੋਕਿ ਗਲੋਂਵਲ ਦੱਖਣ ਵਿੱਚ ਅਧਾਰਿਤ ਹੈ ਜਿਸਦੀ ਅਗਵਾਈ ਦੱਖਣੀ ਏਸ਼ੀਆ ਦੀਆਂ ਨਾਰੀਵਾਦੀਆਂ ਕਰ ਰਹੀਆਂ ਹਨ ਜੋਕਿ ਜਮੀਨੀ ਪੱਧਰ, ਰਾਸ਼ਟਰੀ ਪੱਧਰ, ਖੇਤਰੀ ਪੱਧਰ ਅਤੇ ਅੰਤਰਰਾਸ਼ਟਰੀ ਪੱਧਰ ਤੇ ਕੰਮ ਕਰਦਾ ਹੈ। **CREA** ਨਾਰੀਵਾਦੀ  ਲੀਡਰਸ਼ਿਪ ਤਿਆਰ ਕਰਦਾ ਹੈ, ਲਿੰਗਿਕ ਅਤੇ  ਪ੍ਰਜਨਣ ਅਜਾਦੀ ਦਾ ਵਿਸਥਾਰ ਕਰਦਾ ਹੈ ਅਤੇ ਸਮੂਹ ਮਹਿਲਾਵਾਂ, ਲੜਕੀਆਂ ਅਤੇ ਟਰਾਂਸ ਵਿਅੱਕਤੀਆਂ ਦੇ ਮਨੁੱਖੀ ਅਧਿਕਾਰਾਂ ਨੂੰ ਅੱਗੇ ਵਧਾਂਉਦਾ ਹੈ।

7 ਜੰਗਪੁਰਾ ਬੀ ਮਥੁਰਾ ਰੋਡ
ਨਵੀਂ ਦਿੱਲੀ 110014, ਭਾਰਤ।
91-11-2437-7707
crea@creaworld.org
www.creaworld.org

## CommonHealth ਬਾਰੇ ਜਾਣਕਾਰੀ

2006 ਵਿੱਚ ਗਠਿੱਤ **CommonHealth** ਇੱਕ ਅਧਿਕਾਰ ਅਧਾਰਿਤ, ਬਹੁ ਰਾਜੀ ਵਿਅਕਤੀਆਂ ਅਤੇ ਸੰਸਥਾਵਾਂ ਦਾ ਸੰਗਠਨ ਹੈ ਜੋਕਿ ਮਹਿਲਾਵਾਂ ਅਤੇ ਕਮਜ਼ੋਰ ਵਰਗਾਂ ਦੇ ਲਿੰਗਿਕ ਅਤੇ ਪ੍ਰਜਨਣ ਸਿਹਤ ਵਿੱਚ ਸੁਧਾਰ ਲਈ ਸਿਹਤ ਸੇਵਾਵਾਂ ਤੱਕ ਵਧੀਆ ਪਹੁੰਚ ਦੀ ਵਕਾਲਤ ਕਰਦਾ ਹੈ। ਲਿੰਗਿਕ ਅਤੇ ਪ੍ਰਜਨਣ ਸਬੰਧੀ ਸਿਹਤ ਅਤੇ ਅਧਿਕਾਰਾਂ ਨਾਲ ਸਬੰਧਿਤ ਅਪਣੇ ਕਾਰਜਾਂ ਅਧੀਨ **CommonHealth** ਇੱਕ ਵੱਡੇ ਪੱਧਰ ਤੇ ਮਾਂ ਦੀ ਸਿਹਤ ਅਤੇ ਸੁਰੱਖਿਅਤ ਗਰਭ ਸਮਾਪਨ ਤੇ ਅਪਣੀਆਂ ਕੋਸ਼ਿਸਾਂ ਨੂੰ ਕੇਂਦਰਿਤ ਕਰਦਾ ਹੈ। ਇਸ ਗਠਬੰਧਨ ਨਾਲ ਦੇਸ਼ ਦੇ ਵਿਭਿੰਨ ਅਨੁਸ਼ਾਸ਼ਨ, ਵੱਖ ਵੱਖ ਭੂਗੋਲਿਕ ਖਿੱਤਿਆਂ, ਵਿਸ਼ਾ ਵਸਤੂ ਖੇਤਰਾਂ, ਆਦਿ ਤੋਂ ਮੈਂਬਰ ਜੁੜੇ ਹੋਏ ਹਨ ਅਤੇ ਮੈਂਬਰਸ਼ਿੱਪ ਪ੍ਰਾਪਤ ਕਰਦਾ ਹੈ।